# ਅਧਿਆਇ 2
# ਪੌਲੁਸ ਦੀ ਸੇਵਕਾਈ

## ਥੱਸਲੁਨੀਕੇ ਵਿੱਚ ਪੌਲੁਸ ਦੁਆਰਾ ਆਪਣੀ ਸੇਵਕਾਈ ਦਾ ਬਚਾਅ ਕਰਨਾ (2:1-12)

**ਉਸ ਦੀ ਸੇਵਕਾਈ ਦੀ ਸਫ਼ਲਤਾ (2:1-8)**

**1ਹੇ ਭਰਾਵੋ, ਤੁਹਾਡੇ ਕੋਲ ਸਾਡਾ ਆਉਣਾ ਤੁਸੀਂ ਆਪ ਜਾਣਦੇ ਹੋ ਭਈ ਉਹ
ਅਕਾਰਥ ਨਹੀਂ ਹੋਇਆ ਹੈ। 2ਭਾਵੇਂ ਅਸਾਂ ਅੱਗੇ ਫਿਲਿੱਪੈ ਵਿੱਚ ਜਿਹਾ ਤੁਸੀਂ ਜਾਣਦੇ ਹੋ
ਦੁਖ ਅਤੇ ਅਪਜਸ ਝੱਲਿਆ ਤਾਂ ਵੀ ਪਰਮੇਸ਼ੁਰ ਦੀ ਖੁਸ਼ ਖਬਰੀ ਬਹੁਤ ਝਗੜੇ ਰਗੜੇ
ਵਿੱਚ ਤੁਹਾਨੂੰ ਸੁਣਾਉਣ ਲਈ ਆਪਣੇ ਪਰਮੇਸ਼ੁਰ ਦੇ ਆਸਰੇ ਦਿਲੇਰ ਹੋਏ। 3ਸਾਡਾ
ਉਪਦੇਸ਼ ਤਾਂ ਧੋਖੇ ਤੋਂ ਨਹੀਂ, ਨਾ ਅਸ਼ੁੱਧਤਾ ਤੋਂ, ਨਾ ਛਲ ਨਾਲ ਹੁੰਦਾ ਹੈ। 4ਪਰੰਤੂ ਜਿਵੇਂ
ਅਸੀਂ ਪਰਮੇਸ਼ੁਰ ਵੱਲੋਂ ਪਰਵਾਨ ਹੋਏ ਹਾਂ ਜੋ ਇੰਜੀਲ ਸਾਨੂੰ ਸੌਂਪੀ ਜਾਵੇ ਤਿਵੇਂ ਅਸੀਂ
ਬੋਲਦੇ ਹਾਂ, ਇਉਂ ਨਹੀਂ ਭਈ ਅਸੀਂ ਮਨੁੱਖਾਂ ਨੂੰ ਰਿਝਾਉਂਦੇ ਹਾਂ ਸਗੋਂ ਪਰਮੇਸ਼ੁਰ ਨੂੰ
ਜਿਹੜਾ ਸਾਡਿਆਂ ਮਨਾਂ ਨੂੰ ਪਰਤਾਉਂਦਾ ਹੈ। 5ਕਿਉਂ ਜੋ ਨਾ ਤਾਂ ਅਸੀਂ ਖੁਸ਼ਾਮਦ ਦੀਆਂ
ਗੱਲਾਂ ਕਦੇ ਕੀਤੀਆਂ ਜਿਵੇਂ ਤੁਸੀਂ ਜਾਣਦੇ ਹੋ ਅਤੇ ਨਾ ਹੀ ਲੋਭ ਦਾ ਪੜਦਾ ਬਣਾਇਆ
ਪਰ ਪਰਮੇਸ਼ੁਰ ਸਾਖੀ ਹੈ। 6ਅਤੇ ਨਾ ਅਸੀਂ ਮਨੁੱਖਾਂ ਪਾਸੋਂ ਵਡਿਆਈ ਚਾਹੁੰਦੇ ਸਾਂ, ਨਾ
ਤੁਹਾਡੇ ਪਾਸੋਂ, ਨਾ ਹੋਰਨਾਂ ਪਾਸੋਂ, ਭਾਵੇਂ ਅਸੀਂ ਮਸੀਹ ਦੇ ਰਸੂਲ ਹੋਣ ਕਰਕੇ ਭਾਰ ਪਾ
ਸੱਕਦੇ ਸਾਂ। 7ਪਰ ਅਸੀਂ ਤੁਹਾਡੇ ਵਿੱਚ ਅਜੇਹੇ ਅਸੀਲ ਸਾਂ ਜਿਹੀ ਮਾਤਾ ਜੋ ਆਪਣੇ
ਬੱਚਿਆਂ ਨੂੰ ਪਾਲਦੀ ਹੈ। 8ਇਉਂ ਅਸੀਂ ਤੁਹਾਡੇ ਚਾਹਵੰਦ ਹੋ ਕੇ ਤੁਹਾਨੂੰ ਨਿਰੀ ਪਰਮੇਸ਼ੁਰ
ਦੀ ਖੁਸ਼ ਖਬਰੀ ਨਹੀਂ ਸਗੋਂ ਆਪਣੀ ਜਾਨ ਭੀ ਦੇਣ ਨੂੰ ਤਿਆਰ ਸਾਂ ਇਸ ਲਈ ਜੋ ਤੁਸੀਂ
ਸਾਡੇ ਪਿਆਰੇ ਬਣ ਗਏ ਸਾਓ।**

**ਆਇਤ 1. ਆਉਣਾ** ਲਈ ਜਿਹੜਾ ਯੂਨਾਨੀ ਸ਼ਬਦ εἴσοδος (*ਏਸੋਡੋਸ* ) ਵਰਤਿਆ ਗਿਆ ਹੈ ਪੌਲੁਸ ਦੇ ਥੱਸਲੁਨੀਕੇ ਨੂੰ ਪ੍ਰਚਾਰ ਦੇ "ਦੌਰੇ" (NIV) ਤੇ ਜਾਣ ਦੀ ਗੱਲ ਕਰਦਾ ਹੈ। 1:9 ਵਿੱਚ ਇਸੇ ਸ਼ਬਦ ਦਾ ਅਨੁਵਾਦ "ਆਓ ਭਗਤ" (NASB; NIV) ਕੀਤਾ ਗਿਆ ਹੈ। ਪੌਲੁਸ ਨੇ ਕਿਹਾ ਕਿ ਇਨ੍ਹਾਂ ਭਰਾਵਾਂ ਦੇ ਕੋਲ ਉਸ ਦਾ ਆਉਣਾ ਉਨ੍ਹਾਂ ਦੇ ਲਈ ਫਾਇਦੇਮੰਦ ਸੀ। ਉਹ ਸ਼ਾਇਦ ਖੁਸ਼ਖ਼ਬਰੀ ਦੇ ਸੰਦੇਸ਼ ਨੂੰ ਕਬੂਲ ਕੀਤੇ ਜਾਣ ਤੋਂ ਵੱਧ ਕੇ ਉਸ ਖੁਸ਼ਖ਼ਬਰੀ ਦੀ ਸ਼ਕਤੀ ਦਾ ਹਵਾਲਾ ਦੇ ਰਿਹਾ ਸੀ ਜਿਸ ਦਾ ਉਸ ਨੇ ਉਨ੍ਹਾਂ ਨੂੰ ਪ੍ਰਚਾਰ ਕੀਤਾ ਸੀ।[1] ਇਹ ਖੁਸ਼ਖ਼ਬਰੀ ਹੀ ਸੀ ਜਿਸ ਨੇ ਉਸ ਦੇ ਆਉਣ ਨੂੰ ਅਰਥਪੂਰਣ ਬਣਾਇਆ ਸੀ।

ਥੱਸਲੁਨੀਕੇ ਦੇ ਲੋਕ ਬਾਕੀਆਂ ਨਾਲੋਂ ਬਿਹਤਰ ਇਹ ਗੱਲ ਜਾਣਦੇ ਸਨ ਕਿ ਪੌਲੁਸ ਦਾ ਉਨ੍ਹਾਂ ਵਿਚਾਲੇ ਆਉਣਾ **ਅਕਾਰਥ** ਨਹੀਂ ਹੋਇਆ ਸੀ। "ਅਕਾਰਥ" ਸ਼ਬਦ ਦਾ ਅਨੁਵਾਦ ਯੂਨਾਨੀ ਸ਼ਬਦ κενός (*ਕੇਨੋਸ*) ਤੋਂ ਕੀਤਾ ਗਿਆ ਹੈ ਜਿਸ ਦਾ ਅਰਥ ਹੈ "ਬਿਨਾਂ ਕਿਸੇ ਉਦੇਸ਼ ਦੇ" ਜਾਂ "ਬੇਕਾਰ।" ਇੱਕ ਵਾਰ ਫੇਰ, ਉਸ ਨੇ ਉਨ੍ਹਾਂ ਨੂੰ **ਭਰਾਵੋ** ਕਹਿ ਕੇ ਬੁਲਾਇਆ।

1:5 ਵਿੱਚ "ਤੁਸੀਂ ਜਾਣਦੇ ਹੋ ਜੋ ਤੁਹਾਡੇ ਨਮਿੱਤ ਤੁਸਾਂ ਨਾਲ ਸਾਡਾ ਕਿਹੋ ਜਿਹਾ ਵਰਤਾਰਾ ਸੀ" ਅਤੇ **ਤੁਸੀਂ ਜਾਣਦੇ ਹੋ** ਵਾਕਾਂ ਨੂੰ ਕੁਝ ਲੋਕਾਂ ਦੁਆਰਾ ਇਹ ਸਮਝਿਆ ਗਿਆ ਹੈ ਕਿ ਥੱਸਲੁਨੀਕੇ ਵਿੱਚ ਝੂਠੀ ਸਿੱਖਿਆ ਦੇਣ ਵਾਲੇ ਇਹ ਸਿੱਖਿਆ ਦੇ ਰਹੇ ਸਨ ਕਿ ਪੌਲੁਸ ਨੇ ਪੈਸਿਆਂ ਦੇ ਲਈ ਪ੍ਰਚਾਰ ਕੀਤਾ (ਜਿਵੇਂ ਕਿ ਉਸ ਸਮੇਂ ਵਿਚ ਕਈ ਕਰਦੇ ਸਨ)। ਪੌਲੁਸ ਨੇ ਇਹ ਆਖਦੇ ਹੋਏ ਜਵਾਬ ਦਿੱਤਾ, "ਤੁਸੀਂ ਜਾਣਦੇ ਜੋ ਕਿ ਉਹ ਜੋ ਕਹਿੰਦੇ ਹਨ ਉਸ ਦੀ ਤੁਲਨਾ ਵਿੱਚ ਮੈਂ ਕਿਵੇਂ ਜੀਵਤ ਬਤੀਤ ਕੀਤਾ ਅਤੇ ਪ੍ਰਚਾਰ ਕੀਤਾ ਸੀ।" ਕਿ ਇਹ ਵਿਆਖਿਆ ਸਹੀ ਹੈ ਇੱਕ ਚੰਗੀ ਸੰਭਾਵਨਾ ਹੈ, ਖਾਸ ਕਰਕੇ ਅੱਗੇ ਆਉਣ ਵਾਲੀਆਂ ਆਇਤਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਜੋ ਉਨ੍ਹਾਂ ਉਦੇਸ਼ਾਂ ਅਤੇ ਇਸ ਚਰਚਾ ਨਾਲ ਸੰਬੰਧ ਰੱਖਦੀਆਂ ਹਨ ਕਿ ਪੌਲੁਸ ਉਨ੍ਹਾਂ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ ਜਾਂ ਨਹੀਂ।

**ਆਇਤ 2.** ਥੱਸਲੁਨੀਕੇ ਨੂੰ ਜਾਣ ਤੋਂ ਸਿਰਫ ਕੁਝ ਸਮੇਂ ਪਹਿਲਾਂ, ਪੌਲੁਸ ਨੇ **ਫਿਲਿੱਪੈ ਵਿੱਚ ਦੁਖ ਅਤੇ ਅਪਜਸ ਝੱਲਿਆ** ਸੀ (ਵੇਖੋ ਰਸੂਲਾਂ ਦੇ ਕਰਤੱਬ 16:16–40)। ਇਸ ਦੇ ਵਿੱਚ ਬੈਂਤ ਮਾਰਨਾ ਅਤੇ ਕੈਦਖ਼ਾਨੇ ਵਿੱਚ ਸੁੱਟਿਆ ਜਾਣਾ ਅਤੇ ਪੈਰੀਂ ਕਾਠ ਠੋਕਣਾ ਸ਼ਾਮਲ ਸੀ (ਰਸੂਲਾਂ ਦੇ ਕਰਤੱਬ 16:23, 24)। ਪੌਲੁਸ ਨੇ ਫਿਰ ਕਿਹਾ, ਤੁਸੀਂ ਆਪ ਜਾਣਦੇ ਹੋ, ਕਿਉਂਕਿ ਉਸ ਨੇ ਪਹਿਲਾਂ ਹੀ ਉਨ੍ਹਾਂ ਨੂੰ ਇਸ ਸਭ ਦੇ ਬਾਰੇ ਦੱਸ ਦਿੱਤਾ ਸੀ-ਸ਼ਾਇਦ ਜਦੋਂ ਉਹ ਉਨ੍ਹਾਂ ਦੇ ਨਾਲ ਸੀ।

ਫਿਲਿੱਪੈ ਵਿੱਚ ਪਹਿਲਾਂ ਦੁਖ ਦਾ ਅਨੁਭਵ ਕਰਨ ਦੇ ਬਾਵਜੂਦ, ਪੌਲੁਸ ਅਤੇ ਉਸ ਦੇ ਸਹਿਕਰਮੀਆਂ ਨੇ **ਪਰਮੇਸ਼ੁਰ ਦੀ ਖੁਸ਼ਖ਼ਬਰੀ** ਸੁਣਾਉਣ ਵਿੱਚ (1:5 ਤੇ ਚਰਚਾ ਵੇਖੋ) ਦਿਲੇਰੀ ਵਿਖਾਈ ("ਦਿਲੇਰ ਸਨ" KJV) "ਦਿਲੇਰੀ" ਸ਼ਬਦ ਯੂਨਾਨੀ ਸ਼ਬਦ παρρησιάζομαι (*ਪਾਰੇਸੀਆਜ਼ੋਮਾਈ*) ਤੋਂ ਆਇਆ ਹੈ ਜਿਸ ਦਾ ਅਰਥ ਹੈ "ਆਪਣੇ ਆਪ ਨੂੰ ਖੁੱਲ੍ਹ ਕੇ ਜ਼ਾਹਿਰ ਕਰਨਾ।"[2] ਥੱਸਲੁਨੀਕੇ ਵਿੱਚ ਪੌਲੁਸ ਅਤੇ ਹੋਰਨਾਂ ਨੇ ਵੀ **ਬਹੁਤ ਝਗੜੇ ਰਗੜੇ** ਝੱਲੇ ਸਨ। "ਝਗੜੇ ਰਗੜੇ" ਸ਼ਬਦ ਯੂਨਾਨੀ ਸ਼ਬਦ ἀγών (*ਅਗੋਨ*) ਤੋਂ ਆਉਂਦਾ ਹੈ। "*ਅਗੋਨ* ਸ਼ਬਦ ਯੂਨਾਨੀ ਖੇਡਾਂ ਦੇ ਮੁਕਾਬਲਿਆਂ ਦਾ ਵਰਣਨ ਕਰਦਾ ਸੀ।"[3] ਇਹ "ਫ਼ਿਲਿੱਪੀਆਂ 1:30 ਵਰਗੇ ਬਾਹਰੀ ਜਤਨ ਜਾਂ ([ਜਿਵੇਂ ਕਿ] ਕੁਲੁੱਸੀਆਂ 2:1 ਵਿਚ) ਅੰਦਰੂਨੀ ਪਰੇਸ਼ਾਨੀ ਲਈ" ਵਰਤਿਆ ਗਿਆ ਹੈ।[4] ਸੰਦਰਭ ਦੇ ਅਨੁਸਾਰ, ਪੌਲੁਸ ਸੰਭਵ ਤੌਰ ਤੇ ਇੱਥੇ ਜ਼ਿਆਦਾ ਬਾਹਰੀ ਜਤਨ ਦਾ ਹਵਾਲਾ ਦੇ ਰਿਹਾ ਸੀ।

ਪੌਲੁਸ ਨੇ ਇਸ ਤਰ੍ਹਾਂ ਦਲੀਲ ਦਿੱਤੀ: ਜੇਕਰ ਉਹ ਅਤੇ ਉਸ ਦੇ ਸਾਥੀ ਝੂਠੇ ਸਨ, ਤਾਂ ਉਨ੍ਹਾਂ ਨੇ ਇਸ ਝਗੜੇ ਰਗੜੇ ਵਿੱਚ ਹੀ ਰੁਕ ਜਾਣਾ ਸੀ। ਕਿਉਂਕਿ ਉਨ੍ਹਾਂ ਨੇ ਆਪਣੇ ਪ੍ਰਚਾਰ ਨੂੰ ਨਹੀਂ ਰੋਕਿਆ, ਤਰਕਪੂਰਣ ਸਿੱਟਾ ਇਹ ਨਿੱਕਲਦਾ ਹੈ ਕਿ ਓਹ ਸੱਚੇ ਮਨੋਂ ਪ੍ਰੇਰਿਤ ਹੋਏ ਸਨ। ਉਹ ਸਿਰਫ [ਆਪਣੇ] **ਪਰਮੇਸ਼ੁਰ ਵਿੱਚ** ਦਿਲੇਰੀ ਰਾਹੀਂ ਆਪਣੇ ਪ੍ਰਚਾਰ ਨੂੰ ਜਾਰੀ ਰੱਖਣ ਵਿੱਚ ਸਮਰੱਥ ਹੋਏ ਸਨ। ਪਰਮੇਸ਼ੁਰ ਨੇ ਉਨ੍ਹਾਂ ਲਈ ਇਹ ਸਭ ਸੰਭਵ ਬਣਾਇਆ ਸੀ, ਜਿਵੇਂ ਕਿ ਉਹ ਸਾਡੇ ਲਈ ਵੀ ਕਰਦਾ ਹੈ (ਮੱਤੀ 28:20; 2 ਥੱਸਲੁਨੀਕੀਆਂ 3:16)।

**ਆਇਤ 3.** ਪੌਲੁਸ ਨੇ ਉਸ ਖਾਸ ਵਿਸ਼ੇ ਤੇ ਜਵਾਬ ਦੇਣਾ ਸ਼ੁਰੂ ਕੀਤਾ ਜੋ ਸ਼ਾਇਦ ਉਨ੍ਹਾਂ

ਝੂਠੇ ਦੋਸ਼ਾ ਬਾਰੇ ਸੀ ਜੋ ਥੱਸਲੁਨੀਕੇ ਵਿੱਚ ਝੂਠੀ ਸਿੱਖਿਆ ਦੇਣ ਵਾਲਿਆਂ ਨੇ ਉਸ ਤੇ ਲਗਾਏ ਸਨ (ਆਇਤ 1 ਤੇ ਚਰਚਾ ਨੂੰ ਵੇਖੋ)। ਇਹ ਝੂਠੀ ਸਿੱਖਿਆ ਦੇਣ ਵਾਲੇ ਸੰਭਵ ਤੌਰ ਤੇ "ਧੋਖੇ," "ਅਸ਼ੁੱਧਤਾ" ਅਤੇ "ਛਲ" ਦੇ ਦੋਸ਼ੀ ਸਨ, ਇਸੇ ਲਈ ਉਨ੍ਹਾਂ ਨੇ ਵੀ ਪੌਲੁਸ ਤੇ ਅਜਿਹਾ ਦੋਸ਼ ਲਗਾਇਆ ਸੀ।

**ਉਪਦੇਸ਼** ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ παράκλησις (*ਪਾਰਾਕਲੇਸਿਸ*) ਤੋਂ ਆਉਂਦਾ ਹੈ ਅਤੇ NIV ਵਿੱਚ ਇਸ ਦਾ ਅਨੁਵਾਦ "ਅਪੀਲ" ਕੀਤਾ ਗਿਆ ਹੈ। ਇਹ παρακαλέω (*ਪੈਰਾਕਲੀਓ*) ਕਿਰਿਆ ਦਾ ਨਾਂਵ ਰੂਪ ਹੈ ਜਿਸ ਦਾ ਅਨੁਵਾਦ 3:2 ਵਿੱਚ "ਤਸੱਲੀ ਦੇਵੋ" ਕੀਤਾ ਗਿਆ ਹੈ। ਇਹ ਉਸ ਸੰਦੇਸ਼ ਦੀ ਗੱਲ ਕਰਦਾ ਹੈ ਜਿਹੜਾ ਪੌਲੁਸ ਨੇ ਥੱਸਲੁਨੀਕੇ ਵਿੱਚ ਸੁਣਾਇਆ ਸੀ। ਪੌਲੁਸ ਨੇ ਕਿਹਾ, ਖਾਸ ਕਰਕੇ, "ਅਪੀਲ ਜੋ ਅਸੀਂ ਕਰਦੇ ਹਾਂ" (NIV) **ਧੋਖੇ** ਜਾਂ **ਅਸ਼ੁੱਧਤਾ** ਜਾਂ **ਛਲ** ਤੋਂ ਨਹੀਂ ਨਿੱਕਲੀ। ਇੰਜ ਲੱਗਦਾ ਹੈ ਕਿ "ਧੋਖੇ" ਤੋਂ ਉਸ ਦਾ ਭਾਵ ਗਲਤ ਸਿੱਖਿਆ ਸੀ (2 ਥੱਸਲੁਨੀਕੀਆਂ 2:11)। ਇਸ ਤੋਂ ਇਲਾਵਾ, ਉਹ ਸੰਭਵ ਤੌਰ ਤੇ ਨੈਤਿਕ ਅਸ਼ੁੱਧਤਾ ਦੀ ਗੱਲ ਕਰ ਰਿਹਾ ਸੀ, ਜਿਵੇਂ ਕਿ ਨਜਾਇਜ਼ ਸੰਭੋਗ ਕਰਨਾ ਜਿਸ ਨੇ ਬਹੁਤ ਸਾਰੇ ਮੂਰਤੀਪੂਜਕਾਂ ਦੇ ਮੰਦਿਰਾਂ ਨੂੰ ਘੇਰਿਆ ਹੋਇਆ ਸੀ ਜਿਵੇਂ ਕਿ ਕੁਰਿੰਥੁਸ ਵਿੱਚ ਅਪਰੋਦੀਤੁਸ ਸੀ। ਯਹੂਦੀ ਲੋਕ ਅਕਸਰ ਮਸੀਹੀ ਲੋਕਾਂ ਤੇ ਇਹੋ ਜਿਹੀਆਂ ਗੱਲਾਂ ਦੇ ਰਾਹੀਂ ਪ੍ਰੇਰਿਤ ਹੋਣ ਦਾ ਦੋਸ਼ ਲਗਾਉਂਦੇ ਸਨ। ਪੌਲੁਸ ਇਹ ਗੱਲ ਸਪੱਸ਼ਟ ਕਰਨਾ ਚਾਹੁੰਦਾ ਸੀ ਕਿ ਉਸ ਦਾ ਸੰਦੇਸ਼ "ਧੋਖੇ" ਜਾਂ "ਫ਼ਰੇਬ" (RSV) ਤੋਂ ਨਹੀਂ ਆਇਆ ਸੀ। "ਧੋਖਾ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ δόλος (*ਡੋਲੋਸ*) ਤੋਂ ਆਉਂਦਾ ਹੈ ਜਿਸ ਦਾ ਅਰਥ ਹੈ "ਚਲਾਕੀ ਅਤੇ ਕਪਟ ਭਰੇ ਤਰੀਕਿਆਂ ਨਾਲ ਫਾਇਦਾ" ਉਠਾਉਣਾ।[5] ਇਹੋ ਜਿਹੀਆਂ ਗੱਲਾਂ ਬਹੁਤ ਸਾਰੇ ਫਿਰਤੂ ਪ੍ਰਚਾਰਕਾਂ ਦੀ ਵਿਸ਼ੇਸ਼ਤਾ ਸੀ ਜਿਨ੍ਹਾਂ ਦਾ ਗੁਜਾਰਾ ਆਪਣੇ ਸਰੋਤਿਆਂ ਤੋਂ ਹੀ ਚੱਲਦਾ ਸੀ, ਕਾਫੀ ਹੱਦ ਤੱਕ ਅੱਜ ਕੱਲ੍ਹ ਦੇ ਕੁਝ ਟੈਲੀਵਿਜ਼ਨ ਖੁਸ਼ਖ਼ਬਰੀ ਪ੍ਰਚਾਰਕਾਂ ਦੇ ਵਾਂਗ ਜਿਹੜੇ ਸਦਾ ਪੈਸੇ ਮੰਗਦੇ ਰਹਿੰਦੇ ਹਨ।

ਪੌਲੁਸ ਕਹਿ ਰਿਹਾ ਸੀ, "ਸਾਡੇ ਉਦੇਸ਼ ਇਹੋ ਜਿਹੇ *ਨਹੀਂ* ਹਨ" ਅਤੇ ਇਸ ਦਾ ਅਰਥ ਇਹ ਨਿੱਕਲਦਾ ਸੀ ਕਿ "ਤੁਸੀਂ ਆਪ ਜਾਣਦੇ ਹੋ ਜੋ ਇਹ ਸੱਚ ਹੈ।"

**ਆਇਤ 4.** ਪੌਲੁਸ ਅਤੇ ਉਸ ਦੇ ਸਾਥੀਆਂ ਨੇ ਉਹ ਨਹੀਂ ਸੀ ਕੀਤਾ ਜਿਸ ਦਾ ਉਨ੍ਹਾਂ ਉੱਤੇ ਦੋਸ਼ ਲਾਇਆ ਗਿਆ ਸੀ (ਆਇਤ 3); ਬਲਕਿ ਉਹ ਉਨ੍ਹਾਂ ਮਨੁੱਖਾਂ ਵਾਂਗ **ਬੋਲਦੇ** ਸਨ (ਹਾਂ ਵਾਚਕ) ਜਿਹੜੇ **ਪਰਮੇਸ਼ੁਰ ਵੱਲੋਂ ਪਰਵਾਨ ਹੋਏ** ਸਨ। "ਪਰਵਾਨ ਹੋਏ" ਸ਼ਬਦ ਯੂਨਾਨੀ ਸ਼ਬਦ δοκιμάζω (*ਡੋਕੀਮਾਜ਼ੋ*) ਤੋਂ ਆਉਂਦਾ ਹੈ ਜੋ ਕਿ ਇੱਕ "ਪੁਰਾਣੀ ਕਿਰਿਆ" ਹੈ ਜਿਸ ਦਾ ਅਰਥ "ਪਰਤਾਉਣਾ" ਹੈ। ਇਹ ਕਾਲ "ਸੰਪੂਰਣ ਹਾਲਤ" ਦਾ ਸੁਝਾਅ ਦੇਣ ਲਈ ਵਰਤਿਆ ਗਿਆ ਸੀ ਜਿਸ ਦਾ ਅਰਥ ਹੈ "ਜਾਂਚਿਆ ਅਤੇ ਪਰਖਿਆ"[6] ਤਾਂ ਜੋ ਮੌਜੂਦਾ ਸਮੇਂ ਵਿੱਚ ਉਹ ਪਰਮੇਸ਼ੁਰ ਦੇ ਸੰਦੇਸ਼ ਦਾ ਪ੍ਰਚਾਰ ਕਰਨ ਲਈ ਪਰਮੇਸ਼ੁਰ ਦੇ ਪਰਾਵਨ ਕੀਤੇ ਹੋਣ (ਵੇਖੋ 1 ਸਮੂਏਲ 16:7)। ਪੌਲੁਸ ਦਾ ਅਰਥ ਸੀ ਕਿ ਉਸ ਦਾ ਕੰਮ ਅਤੇ ਉਸ ਦਾ ਸੰਦੇਸ਼ ਪਰਤਾਉਣ ਦੁਆਰਾ ਪਰਵਾਨ ਕੀਤਾ ਹੋਇਆ ਸੀ (ਵੇਖੋ 5:21, ਜਿੱਥੇ NIV ਵਿੱਚ ਇਸ ਸ਼ਬਦ ਦਾ ਅਨੁਵਾਦ "ਪਰਖੋ" ਕੀਤਾ ਗਿਆ ਹੈ)। ਇਹ ਪਰਖ ਪਰਮੇਸ਼ੁਰ ਦੁਆਰਾ ਕੀਤੀ ਗਈ ਸੀ ਜਿਹੜਾ ਕਦੇ ਕੋਈ ਗਲਤੀ ਨਹੀਂ ਕਰਦਾ। ਪੌਲੁਸ ਦੇ ਉਦੇਸ਼ ਬਿਲਕੁਲ ਵੀ ਅਸ਼ੁੱਧ ਨਹੀਂ ਸੀ ਹੋ ਸਕਦੇ।

ਪਰਮੇਸ਼ੁਰ ਨੇ ਪੌਲੁਸ ਅਤੇ ਉਸ ਦੇ ਵਰਗੇ ਹੋਰਨਾਂ ਲੋਕਾਂ ਨੂੰ ਖੁਸ਼ਖ਼ਬਰੀ ਦਾ ਸੰਦੇਸ਼

**ਸੌਂਪਿਆ** ਸੀ (ਵੇਖੋ ਰੋਮੀਆਂ 1:1)। ਦਰਅਸਲ, ਪੌਲੁਸ ਤੇ ਕਦੇ ਵੀ ਧੋਖਾ ਕਰਨਾ ਦਾ ਦੋਸ਼ ਨਹੀਂ ਸੀ ਲਾਇਆ ਜਾ ਸਕਦਾ, ਕਿਉਂਕਿ ਉਸ ਨੇ **ਮਨੁੱਖਾਂ ਨੂੰ ਰਿਝਾਉਣ** ਦੀ ਕੋਸ਼ਿਸ਼ ਨਹੀਂ ਸੀ ਕੀਤੀ; ਬਜਾਇ ਇਸ ਦੇ, ਉਸ ਨੇ **ਪਰਮੇਸ਼ੁਰ** ਦੀ ਕਿਰਪਾ ਨੂੰ ਭਾਲਿਆ ਸੀ **ਜਿਹੜਾ ਸਾਡਿਆਂ ਮਨਾਂ ਨੂੰ ਪਰਤਾਉਂਦਾ ਹੈ** (ਵੇਖੋ ਯਿਰਮਿਯਾਹ 11:20)। ਪੌਲੁਸ ਨੂੰ ਉਸ ਦੋਸ਼ ਦੀ ਜ਼ਰਾ ਵੀ ਪਰਵਾਹ ਨਹੀਂ ਸੀ ਜੋ ਦੂਜੇ ਮਨੁੱਖਾਂ ਨੇ ਉਸ ਤੇ ਲਾਇਆ ਸੀ, ਪਰ ਉਹ ਆਪਣੇ ਪਰਮੇਸ਼ੁਰ ਦੇ ਸਾਹਮਣੇ ਖੜ੍ਹਾ ਹੋਣ ਲਈ ਤਿਆਰ ਸੀ (ਵੇਖੋ 1 ਕੁਰਿੰਥੀਆਂ 4:5)।

**ਆਇਤ 5.** ਪੌਲੁਸ ਨੇ ਇਸ ਗੱਲ ਦਾ ਇਨਕਾਰ ਕੀਤਾ ਕਿ ਉਹ ਅਤੇ ਉਸ ਦੇ ਸਾਥੀਆਂ ਨੇ ਥੱਸਲੁਨੀਕੀਆਂ ਬਾਰੇ **ਖੁਸ਼ਾਮਦ ਦੀਆਂ ਗੱਲਾਂ** ਨਹੀਂ ਕੀਤੀਆਂ। "ਖੁਸ਼ਾਮਦ" ਦਾ ਅਰਥ ਹੈ ਕਿਸੇ ਦੀ ਤਾਰੀਫ ਵਿੱਚ ਕਹੀਆਂ ਗਈਆਂ ਗੱਲਾਂ ਜਿਨ੍ਹਾਂ ਨੂੰ ਸੱਚਮੁੱਚ ਬੁਨਿਆਦੀ ਉਦੇਸ਼ਾਂ ਲਈ ਨਹੀਂ ਮੰਨਿਆ ਜਾਂਦਾ। ਕੁਝ ਪ੍ਰਚਾਰਕਾਂ ਨੇ ਭਰਾਵਾਂ ਵੱਲੋਂ ਮਦਦ ਪ੍ਰਾਪਤ ਕਰਨ ਦੇ ਲਈ ਜਾਂ ਆਪਣੇ ਆਪ ਦੀ ਮਹਾਨ ਪ੍ਰਚਾਰਕਾਂ ਵਜੋਂ ਪ੍ਰਸ਼ੰਸਾ ਕਰਵਾਉਣ ਦੇ ਲਈ ਸ਼ਾਇਦ ਇਸ ਤਰ੍ਹਾਂ ਕੀਤਾ ਹੋਵੇਗਾ। ਸਾਨੂੰ ਹਰੇਕ ਨੂੰ ਉਹੋ ਜਿਹੀਆਂ ਗੱਲਾਂ ਕਹਿਣ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਜਿਨ੍ਹਾਂ ਦਾ ਕੋਈ ਅਰਥ ਨਹੀਂ ਹੁੰਦਾ। ਜਦੋਂ ਕੋਈ ਭਰਾ ਵਿਵਾਦ ਦੇ ਮਸਲੇ ਤੇ ਤੁਹਾਡੀ ਰਾਇ ਮੰਗਦਾ ਹੈ, ਕੀ ਤੁਸੀਂ ਉਸ ਦੇ ਨਾਲ ਸਿਰਫ ਇਸ ਲਈ ਸਮਿਹਤ ਹੁੰਦੇ ਹੋ ਕਿਉਂਕਿ ਤੁਸੀਂ ਉਸ ਦੇ ਬਹੁਤ ਨਜ਼ਦੀਕੀ ਹੋ, ਜਦ ਕਿ ਅਸਲ ਵਿੱਚ ਤੁਹਾਡੀ ਰਾਇ ਉਸ ਦੇ ਨਾਲੋਂ ਬਿਲਕੁਲ ਵੱਖਰੀ ਹੁੰਦੀ ਹੈ? ਇਸੇ ਨੂੰ ਖੁਸ਼ਾਮਦ ਦੀਆਂ ਗੱਲਾਂ ਕਰਨਾ ਕਿਹਾ ਜਾਂਦਾ ਹੈ। ਖੁਸ਼ਾਮਦ ਦੀਆਂ ਗੱਲਾਂ ਦਾ ਇਸਤੇਮਾਲ ਕਰਕੇ ਅਸੀਂ ਝੂਠੇ ਬਣ ਜਾਂਦੇ ਹਾਂ ਅਤੇ ਆਪਣੇ ਭਰਾਵਾਂ ਨੂੰ ਨੁਕਸਾਨ ਪਹੁੰਚਾਉਂਦੇ ਹਾਂ।

**ਲੋਭ ਦਾ ਪੜਦਾ** ਵਾਕ ਵਿੱਚ, "ਪੜਦਾ" ਸ਼ਬਦ ਯੂਨਾਨੀ ਸ਼ਬਦ πρόφασις (*ਪਰੋਫੇਸਿਸ*) ਤੋਂ ਆਉਂਦਾ ਹੈ। [ਇਸ ਸ਼ਬਦ ਦੀ] "ਹੋਰ ਕਿਤੇ ਵਰਤੋਂ (ਰਸੂਲਾਂ ਦੇ ਕਰਤੱਬ 27:30; ਲੂਕਾ 20:47; ਫ਼ਿਲਿੱਪੀਆਂ 1:18) ਸੁਝਾਅ ਦਿੰਦੀ ਹੈ ਕਿ ਇਹ ਸ਼ਬਦ ਅਸਲ ਉਦੇਸ਼ ਨੂੰ ਢੱਕਣ ਦੇ ਲਈ ਇੱਕ ਝੂਠਾ ਕਾਰਣ ਜਾਂ ਚਾਲ-ਚਲਨ ਦਾ ਇੱਕ ਉੱਤੋ-ਉੱਤੋਂ ਚੰਗਾ ਲੱਗਣ ਵਾਲਾ ਰੂਪ ਪੇਸ਼ ਕਰਨਾ ਹੈ।"[7] ਪੌਲੁਸ ਨੇ ਇਸ ਗੱਲ ਦਾ ਇਨਕਾਰ ਕੀਤਾ ਕਿ ਉਹ ਅਤੇ ਉਸ ਦੇ ਸਾਥੀ ਲਾਲਚ ਦੇ ਕਾਰਨ ਆਏ ਸਨ ਜਾਂ ਇਹ ਕਿ ਉਹ ਇਸ ਨੂੰ "ਪਰਮੇਸ਼ੁਰੀ ਚਿੰਤਾ" ਦੀ ਪਰਤ ਨਾਲ ਢੱਕਣ ਦੀ ਕੋਸ਼ਿਸ਼ ਕਰ ਰਹੇ ਸਨ।

"ਲੋਭ ਦਾ ਪੜਦਾ" ਅਸਲ ਵਿੱਚ ਖੁਸ਼ਾਮਦ ਦੀਆਂ ਗੱਲਾਂ ਦਾ ਵਿਸਤਾਰ ਹੈ ਜਿਸ ਵਿੱਚ ਇੱਕ ਵਿਅਕਤੀ ਆਪਣੇ ਅਸਲ ਉਦੇਸ਼ ਨੂੰ ਢੱਕਣ ਜਾਂ ਉਸ ਦੇ ਨਕਾਬ ਪਾਉਂਦਾ ਹੈ। ਪੌਲੁਸ ਇਸ ਦੋਸ਼ ਦੇ ਪ੍ਰਤੀ ਸੰਵੇਦਨਸ਼ੀਲ ਸੀ ਕਿ ਥੱਸਲੁਨੀਕੀਆਂ ਦੇ ਲਈ ਉਸ ਦੀ ਪ੍ਰਸ਼ੰਸਾ ਦਾ ਸੱਚਾ ਪ੍ਰਗਟਾਵਾ ਲੋਭ ਦਾ ਪੜਦਾ ਸੀ। "ਲੋਭ" ਦੁਨਿਆਵੀ ਲਾਭ ਲਈ ਹੱਦੋਂ ਵੱਧ ਇੱਛਾ ਹੁੰਦੀ ਹੈ। ਇਹ ਲੋਕਾਂ ਕੋਲੋਂ ਇਸ ਨੂੰ ਪ੍ਰਾਪਤ ਕਰਨ ਦੇ ਲਈ ਜੋ ਕੁਝ ਵੀ ਜ਼ਰੂਰੀ ਹੁੰਦਾ ਹੈ ਉਹੋ ਕਰਵਾਉਂਦੀ ਹੈ। ਪੌਲੁਸ ਨੇ ਕਿਹਾ ਕਿ ਜਦੋਂ ਉਹ ਥੱਸਲੁਨੀਕੇ ਵਿੱਚ ਸਨ ਤਾਂ ਇਹ ਇੱਛਾ ਉਨ੍ਹਾਂ ਦੀ ਪ੍ਰੇਰਣਾ ਨਹੀਂ ਸੀ । **ਪਰਮੇਸ਼ੁਰ ਸਾਖੀ ਹੈ** ਉਨ੍ਹਾਂ ਦੇ ਹੱਕ ਵਿੱਚ ਹੈ (ਇਬਰਾਨੀਆਂ 6:18; 1 ਯੂਹੰਨਾ 5:9)। ਇਹ ਸਭ ਕੁਝ ਸਪੱਸ਼ਟ ਤੌਰ ਤੇ ਉਨ੍ਹਾਂ ਲੋਕਾਂ ਦੇ ਸੰਦਰਭ ਵਿੱਚ ਸੀ ਜਿਹੜੇ ਪੌਲੁਸ ਤੇ ਅਸ਼ੁੱਧ ਉਦੇਸ਼ਾਂ ਦਾ ਦੋਸ਼ ਲਾ ਰਹੇ ਸਨ (ਆਇਤ 1)।

**ਆਇਤ 6.** ਲੋਭ ਨੂੰ ਆਪਣਾ ਉਦੇਸ਼ ਬਣਾਉਣ ਤੋਂ ਕਿਤੇ ਦੂਰ, ਪੌਲੁਸ ਨੇ ਕਿਹਾ ਕਿ ਉਹ ਥੱਸਲੁਨੀਕੀਆਂ ਅਰਥਾਤ **ਮਨੁੱਖਾਂ ਪਾਸੋਂ ਵਡਿਆਈ** ("ਸਿਫ਼ਤ"; NIV) ਨਹੀਂ ਸੀ ਚਾਹੁੰਦਾ।

ਨਾ ਹੀ ਉਹ **ਹੋਰਨਾਂ ਪਾਸੋਂ** ਵਡਿਆਈ ਚਾਹੁੰਦਾ ਸੀ, ਹਾਲਾਂਕਿ ਉਸ ਦੇ ਰਸੂਲੀ **ਇਖ਼ਤਿਆਰ** ਦੇ ਕਾਰਨ ਜਾਂ ਰਸੂਲ ਹੋਣ ਕਰਕੇ ਉਹ ਉਨ੍ਹਾਂ ਤੇ ਭਾਰੇ ਹੁਕਮਾਂ ਦਾ ਭਾਰ ਪਾ ਸੱਕਦਾ ਸੀ। "ਇਖ਼ਤਿਆਰ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ βάρος (*ਬਾਰੋਸ*) ਤੋਂ ਲਿਆ ਗਿਆ ਹੈ। ਭਾਸ਼ਾ ਆਮ ਹੈ ਅਤੇ ਇਸ ਦਾ ਅਰਥ ਭਾਰੇ ਹੁਕਮ ਦੇਣਾ ਹੋ ਸਕਦਾ ਸੀ। ਹੋਰਨਾਂ ਦਾ ਮੰਨਣਾ ਹੈ ਕਿ ਇਸ ਦਾ ਅਰਥ ਹੈ ਤਨਖਾਹ ਦੀ ਲੋੜ ਵਿੱਚ "ਭਾਰੀ" (2:9)। NIV ਅਤੇ NASB ਦੀਆਂ ਪਗ ਟਿੱਪਣੀਆਂ "ਭਾਰ" ਜਾਂ "ਭਾਰੀ" ਦਾ ਬਦਲਵਾਂ ਅਨੁਵਾਦ ਦਿੰਦੀਆਂ ਹਨ। ਆਈ, ਹੋਵਾਰਡ ਮਾਰਸ਼ਲ ਦਾ ਸੋਚਣਾ ਸੀ ਕਿ ਇਹ ਰਸੂਲਾਂ ਦੇ ਹੁਕਮ ਦੇਣ ਦੇ ਹੱਕ ਦੀ ਗੱਲ ਕਰਦੀਆਂ ਸਨ।[8] **ਰਸੂਲ** ਸ਼ਬਦ ਬਹੁਵਚਨ ਹੈ ਜੋ ਕਿ "ਭੇਜੇ ਜਾਣ ਵਾਲਿਆਂ" ਦੇ ਵਿਸਤਰਤ ਭਾਵ ਵਿੱਚ ਵਰਤਿਆ ਜਾ ਰਿਹਾ ਹੈ। ਤਿਮੋਥਿਉਸ ਅਤੇ ਸੀਲਾਸ ਇਸ ਭਾਵ ਵਿੱਚ "ਰਸੂਲ" ਸਨ ਕਿ ਉਨ੍ਹਾਂ ਨੂੰ ਪਰਮੇਸ਼ੁਰ ਦੁਆਰਾ ਹੁਕਮ ਦਿੱਤਾ ਗਿਆ ਸੀ (ਰਸੂਲਾਂ ਦੇ ਕਰਤੱਬ 14:14 ਨਾਲ ਤੁਲਨਾ ਕਰੋ)।[9]

**ਆਇਤ 7.** ਪੌਲੁਸ ਨੇ ਕਿਹਾ ਕਿ ਥੱਸਲੁਨੀਕੇ ਦੇ ਲੋਕ ਉਸ ਦੇ ਅਤੇ ਉਸ ਦੇ ਸਹਿਕਰਮੀਆਂ ਲਈ ਕਦੇ ਬੋਝ ਨਹੀਂ ਸਨ; ਬਲਕਿ, ਪੌਲੁਸ [ਉਨ੍ਹਾਂ ਦੇ ਪ੍ਰਤੀ] **ਅਸੀਲ ਸੀ ਜਿਹੀ ਮਾਤਾ** [ਜੋ] **ਆਪਣੇ ਬੱਚਿਆਂ ਨੂੰ ਪਾਲਦੀ ਹੈ।** ਇੱਥੇ "ਅਸੀਲ" ਲਈ ਯੂਨਾਨੀ ਸ਼ਬਦ νήπιος (*ਨੇਪੀਓਸ*) ਵਰਤਿਆ ਗਿਆ ਹੈ ਅਤੇ ਇਸ ਦਾ ਅਰਥ ਹੈ "ਸੁਸ਼ੀਲ ਮਨ," ਉਹ ਵਿਅਕਤੀ ਜੋ ਮਿਲਨਸਾਰ ਹੈ।[10] "ਮਾਤਾ ਜੋ ਪਾਲਦੀ ਹੈ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ τροφός (*ਟਰੋਫੋਸ*) ਤੋਂ ਆਉਂਦਾ ਹੈ ਜਿਸ ਦਾ ਸਰਲ ਰੂਪ ਵਿੱਚ ਅਰਥ ਹੈ "ਪਾਲਣ-ਪੋਸ਼ਣ ਕਰਨਾ।" ਕਿਉਂਕਿ ਬੱਚਿਆਂ ਨੂੰ "ਮਾਂ ਦੇ ਆਪਣੇ" ਕਿਹਾ ਗਿਆ ਹੈ, "ਪਾਲਣ ਵਾਲੀ ਮਾਂ" ਇੱਕ ਚੰਗਾ ਅਨੁਵਾਦ ਹੈ। "ਪਾਲਦੀ ਹੈ" ਸ਼ਬਦ ਯੂਨਾਨੀ ਸ਼ਬਦ θάλπω (*ਥਾਲਪੋ*) ਤੋਂ ਆਉਂਦਾ ਹੈ ਜੋ ਇੱਕ ਮਜ਼ਬੂਤ ਭਾਵਨਾਤਮਕ ਸੰਬੰਧ ਦਾ ਭਾਵ ਵਿਅਕਤ ਕਰਦਾ ਹੈ। ਇੱਕ ਹੋਰ ਥਾਂ ਤੇ ਵੀ ਪੌਲੁਸ ਨੇ ਆਪਣੇ ਆਪ ਦੀ ਤੁਲਨਾ ਇੱਕ ਪਿਤਾ ਦੇ ਨਾਲ ਕੀਤੀ ਹੈ (ਆਇਤ 11; 1 ਕੁਰਿੰਥੀਆਂ 4:15), ਪਰ ਇੱਥੇ ਉਸ ਨੇ ਬਹੁਤ ਜ਼ਿਆਦਾ ਦੀ ਮੰਗ ਨਾ ਕਰਦੇ ਹੋਏ ਇਹ ਮਿਸਾਲ ਦੇਣ ਲਈ ਕਿ ਉਹ ਅਤੇ ਉਸ ਦੇ ਸਾਥੀ ਕਿੰਨੇ "ਅਸੀਲ" ਸਨ ਆਪਣੇ ਆਪ ਦੀ ਤੁਲਨਾ ਇੱਕ ਮਾਂ ਨਾਲ ਕੀਤੀ। ਉਸ ਨੇ ਸਭ ਤੋਂ ਜ਼ਿਆਦਾ ਕੋਮਲ ਰੂਪ ਦੀ ਵਰਤੋਂ ਕੀਤੀ ਹੈ।[11]

**ਆਇਤ 8.** ਪੌਲੁਸ ਨੇ **ਪਰਮੇਸ਼ੁਰ ਦੀ ਖੁਸ਼ਖ਼ਬਰੀ** (ਮਿਲਾਪ ਬਾਰੇ ਖੁਸ਼ਖ਼ਬਰੀ ਜੋ ਪਰਮੇਸ਼ੁਰ ਵੱਲੋਂ ਆਉਂਦੀ ਹੈ) ਵੰਡੀ, ਪਰ ਭਰਾਵਾਂ ਦੇ ਲਈ ਉਸ ਦਾ ਪ੍ਰੇਮ ਇੰਨਾ ਜ਼ਿਆਦਾ ਡੂੰਘਾ ਸੀ ਕਿ ਉਹ ਅਤੇ ਉਸ ਦੇ ਸਾਥੀ ਉਨ੍ਹਾਂ ਨੂੰ ਬਚਾਉਣ ਦੇ ਲਈ ਆਪਣੀ **ਜਾਨ** ਵੀ ਦੇਣ ਨੂੰ ਤਿਆਰ ਸਨ, ਜਿਵੇਂ ਉਹ ਆਪਣੇ ਸਾਥੀ ਯਹੂਦੀਆਂ ਦੇ ਲਈ ਜਾਨ ਦੇਣ ਨੂੰ ਤਿਆਰ ਸੀ (ਰੋਮੀਆਂ 9:1–3)। ਅਨੁਵਾਦ ਕੀਤਾ ਗਿਆ "ਜਾਨ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ ψυχή (*ਸੁਕੇ*) ਤੋਂ ਆਇਆ ਹੈ। "ਇਸ ਦਾ ਸਰਲ ਰੂਪ ਵਿੱਚ ਅਰਥ ਇਹ ਨਹੀਂ ਹੈ ਕਿ 'ਅਸੀਂ ਤੁਹਾਡੇ ਲਈ ਆਪਣੀ ਜਾਨ ਦੇਣ (ਕੁਰਬਾਨ ਕਰਨ) ਦੇ ਲਈ ਤਿਆਰ ਸੀ' ਪਰ 'ਪਰ' ਅਸੀਂ ਬੇਝਿਜਕ ਆਪਣੇ ਆਪ ਨੂੰ ਤੁਹਾਨੂੰ ਸੌਂਪਣ, ਆਪਣੇ ਆਪ ਨੂੰ ਤੁਹਾਡੀ ਸੇਵਾ ਵਿੱਚ ਦੇਣ ਦੇ ਲਈ ਤਿਆਰ ਸੀ।'"[12] ਉਹ "ਕਿਸੇ ਗੱਲ ਤੋਂ ਪਿੱਛੇ ਨਹੀਂ ਹਟੇ।"[13] ਇਸ ਭਗਤੀ ਵਿੱਚ ਲੋੜ ਪੈਣ ਤੇ ਆਪਣੀ ਜਾਨ ਦੇਣਾ ਸ਼ਾਮਲ ਹੋਵੇਗਾ, ਪਰ ਇਸ ਦਾ ਅਰਥ ਬਹੁਤ ਵਿਸਤਰਤ ਹੈ। ਇੱਥੇ ਪੌਲੁਸ ਦਾ ਸ਼ਾਮਲ ਹੋਣਾ ਸਿਰਫ ਸਿੱਖਿਆ ਦੇਣ ਸੰਬੰਧੀ ਨਹੀਂ ਸੀ; ਇਹ ਭਾਵਨਾਤਮਕ ਵੀ ਸੀ।

## **ਉਸ ਦੀ ਸੇਵਕਾਈ ਦੀ ਇਮਾਨਦਾਰੀ (2:9-12)**

**[9]ਹੇ ਭਰਾਵੋ, ਸਾਡੀ ਮਿਹਨਤ ਪੋਹਰਿਆ ਤੁਹਾਨੂੰ ਚੇਤੇ ਤਾਂ ਹੋਵੇਗੀ ਭਈ ਅਸਾਂ ਇਸ ਕਰਕੇ**
**ਜੋ ਤੁਹਾਡੇ ਵਿੱਚੋਂ ਕਿਸੇ ਉੱਤੇ ਭਾਰੂ ਨਾ ਹੋਈਏ ਰਾਤ ਦਿਨ ਕੰਮ ਧੰਦਾ ਕਰ ਕੇ ਤੁਹਾਨੂੰ**
**ਪਰਮੇਸ਼ੁਰ ਦੀ ਖੁਸ਼ ਖਬਰੀ ਸੁਣਾਈ। [10]ਤੁਸੀਂ ਸਾਖੀ ਹੋ ਨਾਲੇ ਪਰਮੇਸ਼ੁਰ ਵੀ ਜੋ ਕਿਹੀ**
**ਪਵਿੱਤਰਤਾਈ ਅਤੇ ਧਰਮ ਅਤੇ ਨਿਰਦੂਸ਼ਨਾ ਸਹਿਤ ਤੁਸਾਂ ਨਿਹਚਾਵਾਨਾਂ ਨਾਲ ਸਾਡਾ**
**ਵਰਤਾਰਾ ਸੀ। [11]ਸੋ ਤੁਸੀਂ ਜਾਣਦੇ ਹੋ ਭਈ ਜਿਵੇਂ ਪਿਤਾ ਆਪਣੇ ਬਾਲਕਾਂ ਨੂੰ ਤਿਵੇਂ ਅਸੀਂ**
**ਤੁਹਾਡੇ ਵਿੱਚੋਂ ਇੱਕ ਇੱਕ ਨੂੰ ਕਿਵੇਂ ਉਪਦੇਸ਼ ਅਤੇ ਦਿਲਾਸਾ ਦਿੰਦੇ ਅਤੇ ਸਮਝਾਉਂਦੇ ਰਹੇ।**
**[12]ਜੋ ਤੁਸੀਂ ਪਰਮੇਸ਼ੁਰ ਦੇ ਜੋਗ ਚਾਲ ਚੱਲੋ ਜਿਹੜਾ ਤੁਹਾਨੂੰ ਆਪਣੇ ਰਾਜ ਅਤੇ ਤੇਜ ਵਿੱਚ**
**ਸੱਦਦਾ ਹੈ।**

**ਆਇਤ 9.** ਇਹ ਆਇਤ ਸਾਨੂੰ 3 ਆਇਤ ਨੂੰ ਚੇਤੇ ਕਰਾਉਂਦੀ ਹੈ, ਜਿੱਥੇ ਇਹ ਪ੍ਰਤੀਤ ਹੁੰਦਾ ਹੈ ਕਿ ਪੌਲੁਸ ਤੇ ਥੱਸਲਨੁਕੀਆਂ ਨੂੰ "ਧੋਖਾ" ਦੇਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਗਿਆ ਸੀ। ਇੱਥੇ, ਦੂਜਿਆਂ ਨੂੰ ਜਿਹੜੇ ਹਾਜ਼ਰ ਨਹੀਂ ਸਨ ਉਸ ਦਾ ਮੁਲਾਂਕਣ ਕਰਨ ਦੇਣ ਬਜਾਇ, ਪੌਲੁਸ ਨੇ ਕਿਹਾ ਕਿ ਨਿਸ਼ਚਿਤ ਤੌਰ ਤੇ **ਭਰਾ** ਖੁਦ ਉਨ੍ਹਾਂ ਦੇ **ਮਿਹਨਤ ਪੋਹਰਿਆਂ** ਨੂੰ **ਚੇਤੇ** ਕਰ ਸਕਦੇ ਹਨ। ਉਨ੍ਹਾਂ ਨੇ ਥੱਸਲੁਨੀਕੀਆਂ ਤੇ ਆਰਥਿਕ ਤੌਰ ਤੇ **ਭਾਰੂ** ਨਾ ਹੋਣ ਦੇ ਲਈ ਆਪਣੇ ਆਪ ਦੀ ਮਦਦ ਕਰਨ ਦੇ ਲਈ ਕੰਮ ਕੀਤਾ ਸੀ (ਰਸੂਲਾਂ ਦੇ ਕਰਤੱਬ 18:3; 2 ਥੱਸਲੁਨੀਕੀਆਂ 3:7–10)। ਦਰਅਸਲ, ਪੌਲੁਸ ਆਪਣਾ ਖੁਸ਼ਖ਼ਬਰੀ ਦਾ ਕੰਮ ਕਰਨ *ਅਤੇ* ਆਪਣੀ ਰੋਟੀ ਕਮਾਉਣ ਦੇ ਲਈ **ਰਾਤ ਦਿਨ** ਕੰਮ ਧੰਦੇ ਵਿੱਚ ਵਿਅਸਤ ਸੀ। "ਮਿਹਨਤ" ਲਈ ਜਿਹੜਾ ਯੂਨਾਨੀ ਸ਼ਬਦ Κόπος (*ਕੋਪੋਸ*) ਵਰਤਿਆ ਗਿਆ ਹੈ ਕੰਮ ਦੇ ਮੁਸ਼ਕਲ ਅਤੇ ਥਕਾ ਦੇਣ ਵਾਲੇ ਸੁਭਾਅ ਨੂੰ ਪਰਗਟ ਕਰਦਾ ਹੈ ਅਤੇ ਪੋਹਰਿਆਂ ਲਈ ਵਰਤਿਆ ਗਿਆ ਯੂਨਾਨੀ ਸ਼ਬਦ μόχθος (*ਮੋਚਥੋਸ*) ਇਸ ਦੀ ਕਠਿਨਾਈ ਨੂੰ ਪਰਗਟ ਕਰਦਾ ਹੈ। ਦੋਵੇਂ ਸ਼ਬਦ "ਬੇਸ਼ੱਕ ਰਾਤ ਦਿਨ ਡਟੇ ਰਹਿਣ ਤੇ ਜ਼ੋਰ ਦਿੰਦੇ ਹਨ।"[14] ਉਹ ਚੇਤੇ ਕਰਨਗੇ ਕਿ ਕਿਤੇ ਪੌਲੁਸ ਦਾ ਉਦੇਸ਼ ਉਨ੍ਹਾਂ ਦਾ ਫਾਇਦਾ ਉਠਾਉਣਾ ਤਾਂ ਨਹੀਂ ਸੀ, ਉਹ ਇਸ ਵਿੱਚ ਸਫ਼ਲ ਨਹੀਂ ਹੋਇਆ ਸੀ।

**ਆਇਤ 10.** ਪੌਲੁਸ ਨੇ ਕਿਹਾ ਕਿ ਜਦੋਂ ਭਰਾ ਬੀਤੇ ਸਮੇਂ ਨੂੰ ਚੇਤੇ ਕਰਨਗੇ ਤਾਂ ਉਹ ਸਾਡੇ ਹੱਕ ਵਿੱਚ **ਸਾਖੀ** ਦੇਣ ਵਾਲੇ ਪਾਤਰ ਹੋਣਗੇ ਅਤੇ ਕਹਿਣਗੇ ਕਿ ਉਹ ਸਾਡੇ ਨਾਲ **ਪਵਿੱਤਰਤਾਈ** (ਪਰਮੇਸ਼ੁਰ ਦੀ ਸੇਵਾ ਲਈ ਸਮਰਪਿਤ ਸੀ), ਉਸ ਨੇ **ਧਰਮ** (ਪਰਮੇਸ਼ੁਰ ਦੀ ਸ਼ਰਾ ਦੀ ਪਾਲਣਾ ਕਰਕੇ ਜੀਵਨ ਬਿਤਾਇਆ) ਅਤੇ **ਨਿਰਦੂਸ਼ਨਾ ਸਹਿਤ** (ਪਰਮੇਸ਼ੁਰ ਦੀ ਸ਼ਰਾ ਦੀ ਲਾਪਰਵਾਹੀ ਕਰਨ ਦੇ ਲਈ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ)। "ਨਿਰਦੂਸ਼ਨਾ ਸਹਿਤ" ਸ਼ਬਦ ἀμέμπτως, (*ਅਮੈਮਪਟੋਸ*) "ਪਵਿੱਤਰਤਾਈ" ਅਤੇ "ਧਰਮ" ਦਾ ਹੀ ਵਰਣਨ ਕਰਦਾ ਹੈ, ਪਰ ਨਕਾਰਾਤਮਕ ਤਰੀਕੇ ਨਾਲ। ਨਿਰਦੋਸ਼ ਮਨੁੱਖ ਉਹ ਵਿਅਕਤੀ ਹੁੰਦਾ ਹੈ "ਜਿਹੜਾ ਬਿਨਾਂ ਕਿਸੇ ਨਿੰਦਾ ਦੇ ਦਿੱਤੀ ਗਈ ਕਸੌਟੀ ਦੇ ਚਾਨਣ ਵਿੱਚ ਖਰਾ ਉੱਤਰਦਾ ਹੈ।"[15]

ਇਹ ਥੱਸਲੁਨੀਕੀਆਂ ਵਿਚਾਲੇ ਉਸ ਦੇ ਚਾਲ-ਚਲਨ ਦਾ ਖੁਲਾਸਾ ਕਰਦਾ ਹੈ। ਉਹ ਇਸ ਸਿੱਟੇ ਦੀ ਸਾਖੀ ਸਨ ਅਤੇ **ਨਾਲੇ ਪਰਮੇਸ਼ੁਰ ਵੀ ਹੈ** ਜਿਹੜਾ ਸਾਰੀਆਂ ਚੀਜ਼ਾਂ ਵੇਖਦਾ ਹੈ। ਮਸੀਹੀ ਲੋਕਾਂ ਨੂੰ ਉੱਥੇ ਫੇਰ **ਨਿਹਚਾਵਾਨ** ਕਿਹਾ ਗਿਆ ਹੈ।

**ਆਇਤ 11.** ਆਇਤ 7 ਵਿੱਚ, ਪੌਲੁਸ ਨੇ ਕਿਹਾ ਕਿ ਉਹ ਉਨ੍ਹਾਂ ਦੇ ਲਈ "ਇੱਕ ਮਾਂ ਵਰਗਾ" ਸੀ, ਪਰ ਇੱਥੇ ਉਸ ਨੇ **ਇੱਕ ਪਿਤਾ** ਦੇ ਚਿੱਤਰ ਦੀ ਵਰਤੋਂ ਕੀਤੀ ਜਿਹੜਾ **ਆਪਣੇ ਬਾਲਕਾਂ** ਨਾਲ ਕੰਮ ਕਰ ਰਿਹਾ ਹੈ। ਉਹ ਉਸ ਅਸੀਲਤਾ ਤੇ ਜ਼ੋਰ ਦੇ ਰਿਹਾ ਸੀ ਜੋ ਉਸ ਨੇ ਵਰਤੀ ਸੀ ਜੋ ਕਿ ਅਕਸਰ ਇੱਕ ਮਾਂ ਦੀ ਵਿਸ਼ੇਸ਼ਤਾ ਹੁੰਦੀ ਹੈ। ਇੱਥੇ, ਉਹ ਉਨ੍ਹਾਂ ਕੰਮਾਂ ਦੇ ਜ਼ੋਰ ਦੇ ਰਿਹਾ ਸੀ ਜੋ ਇੱਕ ਪਿਤਾ ਦੇ ਹੁੰਦੇ ਹਨ। ਪਰਿਵਾਰ ਦੇ ਅਲੰਕਾਰ ਦੀ ਵਰਤੋਂ ਕਰਦਿਆਂ, ਉਸ ਨੇ ਇਹ ਜ਼ੋਰ ਦਿੱਤਾ ਕਿ ਉਸ ਨੇ ਆਪਣੇ ਆਪ ਨੂੰ ਉਨ੍ਹਾਂ ਦੇ ਕਿੰਨਾ ਨੇੜੇ ਮਹਿਸੂਸ ਕੀਤਾ (ਜਿਵੇਂ ਮਾਤਾ ਜਾਂ ਪਿਤਾ ਦੀ ਆਪਣੇ ਬੱਚੇ ਪ੍ਰਤੀ ਨੇੜਤਾ) ਅਤੇ ਇਹ ਕਿ ਉਸ ਦਾ ਇਹ ਰਿਸ਼ਤਾ ਉਨ੍ਹਾਂ ਸਾਰਿਆਂ ਨਾਲ ਸਾਮੂਹਿਕ ਹੋਣ ਦੀ ਬਜਾਇ **ਇੱਕ ਇੱਕ** ਦੇ ਨਾਲ ਸੀ। ਜਿਵੇਂ ਇੱਕ ਪਿਤਾ ਕਰਦਾ ਹੈ, ਉਹ ਹਮੇਸ਼ਾ **ਉਪਦੇਸ਼** ਦਿੰਦਾ ਜਾਂ ਆਪਣੇ ਬਾਲਕਾਂ ਤੇ ਆਪਣਾ ਜੀ ਜਾਨ ਲਾ ਦਿੰਦਾ ਸੀ। ਉਹ ਉਨ੍ਹਾਂ ਨੂੰ ਲਗਾਤਾਰ **ਦਿਲਾਸਾ** ਦਿੰਦਾ (ਆਪਣੇ ਕੋਲ ਬੁਲਾਉਣਾ, ਮਦਦ ਕਰਨ ਲਈ) ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਜੋਗ ਚਾਲ ਚੱਲਣ ਲਈ **ਸਮਝਾਉਂਦਾ** ਰਹਿੰਦਾ ਸੀ (ਆਇਤ 12)।

"ਸਮਝਾਉਂਦਾ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ μαρτύρομαι (*ਮਾਰਟੂਰੋਮਾਈ* ) "ਤੋਂ ਆਉਂਦਾ ਹੈ ਜੋ ਕਿ ਇੱਕ ਕਿਰਿਆ ਹੈ ਜਿਸ ਦਾ ਸਹੀ ਅਰਥ 'ਸਾਖੀ ਦੇਣ ਦੇ ਲਈ ਅੱਗੇ ਲਿਆਉਣਾ' ਅਤੇ ਇਸ ਤਰ੍ਹਾ ਕਰਕੇ 'ਗੰਭੀਰਤਾ ਨਾਲ ਐਲਾਨ ਕਰਨਾ' (ਸ਼ਾਇਦ ਪਰਮੇਸ਼ੁਰ ਨੂੰ ਸਾਖੀ ਦੇਣ ਦੇ ਲਈ ਬੁਲਾਉਣ ਦੇ ਵਿਚਾਰ ਨਾਲ) . . . । ਇਹ ਗੰਭੀਰ ਸ਼ਬਦਾਂ ਦੀ ਗੱਲ ਕਰਦਾ ਹੈ ਜੋ ਆਲਸੀ ਜਾਂ ਉਸ ਵਰਗੇ ਵਿਅਕਤੀ ਨੂੰ ਸੰਬੋਧਿਤ ਕੀਤੇ ਜਾਂਦੇ ਹਨ।"[16]

**ਆਇਤ 12.** ਪਰਮੇਸ਼ੁਰ ਜਿਸ ਦੀ ਪੌਲੁਸ ਨੇ ਗੱਲ ਕੀਤੀ ਸੀ ਉਹੀ ਪਰਮੇਸ਼ੁਰ ਹੈ **ਜਿਹੜਾ ਤੁਹਾਨੂੰ ਆਪਣੇ ਰਾਜ** (ਕਲੀਸੀਆ; ਮੱਤੀ 16:18; ਕੁਲੁੱਸੀਆਂ 1:13) **ਵਿੱਚ ਸੱਦਦਾ ਹੈ** (ਉਹ ਸਾਰੇ ਲੋਕਾਂ ਨੂੰ ਆਪਣੀ ਖੁਸ਼ਖ਼ਬਰੀ ਦੇ ਰਾਹੀਂ ਸੱਦਦਾ ਹੈ, 2 ਥੱਸਲੁਨੀਕੀਆਂ 2:14)। ਅਸੀਂ ਉਸ ਦੀ ਕਲੀਸੀਆ "ਵਿੱਚ" ਬਪਤਿਸਮਾ ਲਿਆ ਹੈ ਜੋ ਕਿ ਉਸ ਦੀ ਦੇਹ ਹੈ (ਰੋਮੀਆਂ 6:3, 4; ਕੁਲੁੱਸੀਆਂ 1:18)। ਇੱਕ ਭਾਵ ਵਿੱਚ, ਮਸੀਹੀ ਲੋਕ ਧਰਤੀ ਉੱਤੇ ਪ੍ਰਭੂ ਦੇ **ਤੇਜ** ਨੂੰ ਪਰਗਟ ਕਰਦੇ ਹਨ (2 ਕੁਰਿੰਥੀਆਂ 3:18), ਪਰ ਨਿਆਂ ਤੋਂ ਬਾਅਦ ਅਸੀਂ ਇਸ ਤੋਂ ਵੀ ਵੱਡੇ ਤੇਜ ਦੇ ਭਾਗੀਦਾਰ ਹੋਵਾਂਗੇ (ਕੁਲੁੱਸੀਆਂ 3:4; 1 ਪਤਰਸ 5:10)।

## ਉਸ ਦੀ ਸੇਵਕਾਈ ਅਤੇ ਸੰਦੇਸ਼ ਦੇ ਪ੍ਰਤੀ ਥੱਸਲੁਨੀਕੀਆਂ ਦੀ ਪ੍ਰਤੀਕਿਰਿਆ (2:13-16)

**13ਇੱਕ ਕਾਰਨ ਅਸੀਂ ਵੀ ਨਿੱਤ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ ਭਈ ਜਦ ਤੁਹਾਨੂੰ ਪਰਮੇਸ਼ੁਰ ਦਾ ਸੁਣਿਆ ਹੋਇਆ ਬਚਨ ਸਾਥੋਂ ਮਿਲਿਆ ਤਾਂ ਉਹ ਨੂੰ ਮਨੁੱਖਾਂ ਦਾ ਬਚਨ ਕਰਕੇ ਨਹੀਂ ਸਗੋਂ ਜਿਵੇਂ ਉਹ ਸੱਚੀਂ ਮੁੱਚੀਂ ਹੈ ਪਰਮੇਸ਼ੁਰ ਦਾ ਬਚਨ ਕਰਕੇ ਕਬੂਲ ਕੀਤਾ ਅਤੇ ਉਹ ਤੁਹਾਡੇ ਨਿਹਚਾਵਾਨਾਂ ਵਿੱਚ ਕੰਮ ਵੀ ਕਰਦਾ ਹੈ। 14ਕਿਉਂ ਜੋ ਹੇ ਭਰਾਵੋ, ਤੁਸੀਂ ਪਰਮੇਸ਼ੁਰ ਦੀਆਂ ਓਹਨਾਂ ਕਲੀਸਿਯਾਂ ਵਰਗੇ ਹੋਏ ਜੋ ਜਿਹੜੀਆਂ ਮਸੀਹ ਯਿਸੂ ਦੀਆਂ ਯਹੂਦਿਯਾ ਵਿੱਚ ਹਨ ਇਸ ਲਈ ਜੋ ਤੁਸਾਂ ਆਪਣੀ ਕੌਮ ਵਾਲਿਆਂ ਦੇ ਹੱਥੋਂ ਓਹੋ ਦੁਖ ਝੱਲੇ ਜਿਹੜੇ ਓਹਨਾਂ ਵੀ ਯਹੂਦੀਆਂ ਦੇ ਹੱਥੋਂ ਝੱਲੇ ਸਨ। 15ਨਾਲੇ ਪ੍ਰਭੂ ਯਿਸੂ ਨੂੰ ਨਾਲੇ**

**ਨਬੀਆਂ ਨੂੰ ਮਾਰ ਸੁੱਟਿਆ ਅਤੇ ਸਾਨੂੰ ਕੱਢ ਦਿੱਤਾ। ਓਹ ਪਰਮੇਸ਼ੁਰ ਨੂੰ ਨਹੀਂ ਭਾਉਂਦੇ ਅਤੇ ਸਭਨਾਂ ਮਨੁੱਖਾਂ ਦੇ ਵਿਰੋਧੀ ਹਨ। [16]ਓਹ ਸਾਨੂੰ ਪਰਾਈਆਂ ਕੌਮਾਂ ਨਾਲ ਗੱਲ ਕਰਨ ਤੋਂ ਵਰਜਦੇ ਹਨ ਜਿਸ ਤੋਂ ਓਹ ਬਚਾਏ ਜਾਣ ਤਾਂ ਜੋ ਓਹਨਾਂ ਦੇ ਪਾਪਾਂ ਦਾ ਪੈਮਾਨਾ ਸਦਾ ਭਰਿਆ ਰਹੇ !ਫਰ ਕ੍ਰੋਧ ਓਹਨਾਂ ਦੇ ਉੱਤੇ ਹੱਦ ਤੀਕ ਆਣ ਪਿਆ ਹੈ!**

**ਆਇਤ 13.** ਫੇਰ, ਪੌਲੁਸ ਨੇ ਜ਼ੋਰ ਦਿੱਤਾ ਸੀ ਕਿ ਉਹ **ਨਿੱਤ** ਜਾਂ ਲਗਾਤਾਰ **ਪਰਮੇਸ਼ੁਰ ਦਾ ਧੰਨਵਾਦ** ਕਰੇਗਾ ਅਤੇ ਜਿਸ ਤਰੀਕੇ ਨਾਲ ਥੱਸਲੁਨੀਕੀਆਂ ਨੇ **ਬਚਨ ਨੂੰ ਕਬੂਲ ਕੀਤਾ** ਉਸ ਦੇ ਲਈ ਡੂੰਘੀ ਪ੍ਰਸ਼ੰਸਾ ਵਿਖਾਵੇਗਾ।

"[ਯੂਨਾਨੀ] ਕਿਰਿਆ [παρπλαμβάνω] *ਪਾਰਾਲਾਮਬਾਨੋ*, 'ਕਬੂਲ ਕਰਕੇ' ਅਤੇ ਇਸ ਦਾ ਸਹਿ-ਸੰਬੰਧ [παραδίδωμι] *ਪਾਰਾਡੀਡੋਮੀ*, 'ਦੇਣਾ,' ਸਪੱਸ਼ਟ ਤੌਰ ਤੇ ਮਸੀਹੀ ਨਿਹਚਾ ਦੇ ਕਬੂਲ ਕਰਨ ਅਤੇ ਸੰਚਾਰਨ ਦੇ ਲਈ ਤਕਨੀਕੀ ਸ਼ਬਦ ਹਨ।"[17] ਆਇਤ ਦੇ ਅਗਲੇ ਹਿੱਸੇ ਵਿੱਚ, ਪੌਲੁਸ ਨੇ ਕਿਹਾ ਕਿ **ਪਰਮੇਸ਼ੁਰ ਦਾ ਬਚਨ** ਉਨ੍ਹਾਂ **ਵਿੱਚ ਕੰਮ ਵੀ ਕਰਦਾ ਹੈ**। "ਕਰਦਾ ਹੈ" ਸ਼ਬਦ ਦਾ ਅਨੁਵਾਦ ਯੂਨਾਨੀ ਸ਼ਬਦ ἐνεργέω (*ਐਨਰਗੀਓ*) ਤੋਂ ਕੀਤਾ ਗਿਆ ਹੈ। "RSV ਅਨੁਵਾਦ ਕਿਰਿਆ ਨੂੰ ਵਿਚਲੇ ਰੂਪ ('ਕੰਮ ਕਰ ਰਿਹਾ ਹੈ,' ਯੂਨਾਨੀ ਵਿੱਚ *ਐਨਰਗੇਟਾਈ*) ਲੈਂਦਾ ਹੈ ਪਰ ਇਹ ਨਿਸ਼ਕਿਰਿਆ ਵੀ ਹੋ ਸਕਦੀ ਹੈ: 'ਕਿਰਿਆਸ਼ੀਲ ਕੀਤਾ ਜਾਂਦਾ ਹੈ (ਪਰਮੇਸ਼ੁਰ ਦੁਆਰਾ)'; ਇਸ ਨਾਲ ਭਾਵ ਬਹੁਤ ਜ਼ਿਆਦਾ ਪ੍ਰਭਾਵਿਤ ਨਹੀਂ ਹੁੰਦਾ ਹੈ।"[18]

ਜਦੋਂ ਪੌਲੁਸ ਅਤੇ ਉਸ ਦੇ ਸਾਥੀਆਂ ਨੇ ਉੱਥੇ ਪ੍ਰਚਾਰ ਕੀਤਾ, ਥੱਸਲੁਨੀਕੀਆਂ ਨੇ ਪ੍ਰਚਾਰ ਕੀਤੇ ਗਏ ਸੰਦੇਸ਼ ਨੂੰ ਇਸ ਲਈ ਕਬੂਲ ਨਹੀਂ ਕੀਤਾ ਕਿਉਂਕਿ ਉਹ ਪੌਲੁਸ ਜਾਂ ਦੂਜਿਆਂ ਨੂੰ ਪਸੰਦ ਕਰਦੇ ਸਨ। ਇਹ **ਮਨੁੱਖਾਂ ਦਾ ਬਚਨ** ਨਹੀਂ ਸੀ ਜੋ ਉਨ੍ਹਾਂ ਨੇ ਕਬੂਲ ਕੀਤਾ ਸੀ; ਬਲਕਿ, ਉਨ੍ਹਾਂ ਨੇ ਸੰਦੇਸ਼ ਨੂੰ ਇਸ ਲਈ ਕਬੂਲ ਕੀਤਾ ਸੀ ਕਿਉਂਕਿ ਉਨ੍ਹਾਂ ਨੇ ਇਸ ਨੂੰ ਪਰਮੇਸ਼ੁਰ ਦੇ ਬਚਨ ਵਜੋਂ ਪਛਾਣਿਆ ਸੀ। ਉਨ੍ਹਾਂ ਨੇ ਬਹੁਤ ਵਧੀਆ ਕੀਤਾ ਕਿਉਂਕਿ **ਇਹ ਸੱਚੀ ਮੁੱਚੀਂ** ਪਰਮੇਸ਼ੁਰ ਵੱਲੋਂ ਹੈ। ਪਰਮੇਸ਼ੁਰ ਦਾ ਬਚਨ ਉਨ੍ਹਾਂ ਵਿੱਚ "ਆਪਣਾ ਕੰਮ" ਕਰ ਰਿਹਾ ਸੀ (ਅਫਸੀਆਂ 3:20; ਕੁਲੁੱਸੀਆਂ 3:16; ਇਬਰਾਨੀਆਂ 4:12 ਨਾਲ ਤੁਲਨਾ ਕਰੋ) ਜਿਵੇਂ ਕਿ ਇਹ ਸਭ **ਨਿਹਚਾਵਾਨਾਂ** ਵਿੱਚ ਕੰਮ ਕਰਦਾ, ਅਰਥਾਤ ਉਨ੍ਹਾਂ ਵਿੱਚ ਜਿਹੜੇ ਮਸੀਹੀ ਹਨ।

**ਆਇਤ 14.** ਪਰਿਵਾਰ ਦਾ ਚਿੱਤਰ ਫੇਰ ਪਰਚਲਿਤ ਹੈ। ਉਹ ਪੌਲੁਸ ਅਤੇ ਉਸ ਦੇ ਸਾਥੀਆਂ ਦੇ **ਭਰਾ** ਸਨ। ਇਨ੍ਹਾਂ ਭਰਾਵਾਂ ਨੂੰ **ਪਰਮੇਸ਼ੁਰ ਦੀਆਂ ਕਲੀਸਿਯਾਂ** ("ਪਰਮੇਸ਼ੁਰ ਦਾ ਹੋਣਾ"; ਰਸੂਲਾਂ ਦੇ ਕਰਤੱਬ 20:28) **ਵਰਗੇ** ਜਾਂ "ਪਿੱਛੇ ਚੱਲਣ ਵਾਲੇ" (KJV) ਕਿਹਾ ਗਿਆ ਸੀ। ਇਹ ਅਹੁਦਾ ਇੱਕ ਢੁਕਵਾਂ ਜਾਂ ਰਸਮੀ ਨਾਂਅ ਨਹੀਂ ਹੈ। NIV ਅਨੁਵਾਦ ਵਿੱਚ "ਪਰਮੇਸ਼ੁਰ ਦੀਆਂ ਕਲੀਸੀਆਵਾਂ" ਹੈ। ਇਹ ਕਲੀਸੀਆਵਾਂ ਫ਼ਲਿਸਤੀਨ ਦੇ ਦੱਖਣੀ ਇਲਾਕੇ **ਯਹੂਦਿਯਾ ਵਿੱਚ** ਸਨ ਜਿੱਥੇ ਯਰੂਸ਼ਲਮ ਹੈ। ਉਹ ਵੀ **ਮਸੀਹ ਯਿਸੂ ਵਿੱਚ** ਸਨ, ਜਿੱਥੇ ਮੁਕਤੀ ਹੈ (2 ਤਿਮੋਥਿਉਸ 2:10) ਅਤੇ ਜਿੱਥੇ ਕਿਸੇ ਨੂੰ ਬਪਤਿਸਮਾ ਲੈਣ ਦੇ ਦੁਆਰਾ ਰੱਖਿਆ ਗਿਆ ਹੈ (ਰੋਮੀਆਂ 6:3, 4)।

ਉਨ੍ਹਾਂ ਨੇ ਯਹੂਦਿਯਾ ਦੀਆਂ ਕਲੀਸੀਆਵਾਂ ਦੀ ਨਕਲ ਕੀਤੀ ਸੀ, ਉਸ ਵਿੱਚ ਉਹ ਫ਼ਲਿਸਤੀਨੀ ਯਹੂਦੀ ਮਸੀਹੀ ਲੋਕਾਂ ਨੇ ਆਪਣੇ ਸਾਥੀ ਯਹੂਦੀਆਂ ਦੇ ਹੱਥੋਂ ਦੁਖ ਝੱਲਿਆ ਸੀ

(ਰਸੂਲਾਂ ਦੇ ਕਰਤੱਬ 5:27–42; ਖਾਸ ਕਰਕੇ ਆਇਤ 40)। ਹੁਣ ਇਹ ਪਰਾਈ ਕੌਮ ਦੇ ਮਸੀਹੀ ਲੋਕ **ਉਨ੍ਹਾਂ ਦੀ ਆਪਣੀ ਕੌਮ ਵਾਲਿਆਂ** ਦੇ ਹੱਥੋਂ ਦੁਖ ਝੱਲ ਰਹੇ ਸਨ। ਇਹ ਸ਼ਬਦਾਵਲੀ ਕਿ "ਤੁਸਾਂ ਆਪਣੀ ਕੌਮ ਵਾਲਿਆਂ" ਯੂਨਾਨੀ ਸ਼ਬਦ συμφυλέτης (*ਸਮਫੂਲੇਟਸ*) ਤੋਂ ਲਈ ਗਈ ਹੈ, "ਸ਼ਾਇਦ ਕੁਝ ਹੱਦ ਤੱਕ ਭੂਗੋਲਿਕ ਹੈ ਅਤੇ ਥੱਸਲੁਨੀਕੇ ਦੇ ਯਹੂਦੀਆਂ ਨੂੰ ਸ਼ਾਮਲ ਕਰਦੀ ਹੈ, ਪਰ ਇਹ ਵਿਰੋਧਤਾ ਵਿੱਚ ਪਰਾਈ ਕੌਮ ਦੇ ਇੱਕ ਵੱਡੇ ਤੱਤ ਵੱਲ ਇਸ਼ਾਰਾ ਕਰਦੀ ਹੈ।"[19] ਫਿਰ ਵੀ, ਇਹ ਥੱਸਲੁਨੀਕੀਆਂ ਦੇ ਯਹੂਦੀ ਲੋਕ ਸਨ ਜਿਨ੍ਹਾਂ ਨੇ ਥੱਸਲੁਨੀਕੇ ਵਿੱਚ ਮਸੀਹੀ ਲੋਕਾਂ ਦੇ ਵਿਰੁੱਧ ਸ਼ੁਰੂਆਤੀ ਬਗਾਵਤ ਨੂੰ ਉਕਸਾਇਆ ਸੀ (ਰਸੂਲਾਂ ਦੇ ਕਰਤੱਬ 17:1–9)।

**ਆਇਤ 15.** ਆਇਤ 14 ਦੇ ਅੰਤ ਵਿੱਚ ਯਹੂਦੀਆਂ ਦਾ ਜ਼ਿਕਰ ਕਰਕੇ, ਪੌਲੁਸ ਨੇ ਉਨ੍ਹਾਂ ਦੇ ਚਾਲ-ਚਲਨ ਤੇ ਬਹੁਤ ਹੀ ਸਪੱਸ਼ਟ ਤੇ ਸਿੱਧੀ ਨਿੰਦਾ ਕਰਨੀ ਸ਼ੁਰੂ ਕਰ ਦਿੱਤੀ, ਜਿਸ ਦੇ ਵਿੱਚ ਨਾ ਸਿਰਫ ਫ਼ਲਿਸਤੀਨੀ ਯਹੂਦੀ ਸ਼ਾਮਲ ਸਨ, ਪਰ ਆਮ ਤੌਰ ਤੇ ਸਾਰੇ ਯਹੂਦੀ ਵੀ। ਇਹ ਭਾਗ ਬੇਸ਼ੱਕ ਪੌਲੁਸ ਦੀਆਂ ਸਾਰੀਆਂ ਲਿਖਤਾਂ ਵਿੱਚ ਪਾਈ ਜਾਣ ਵਾਲੀ ਲੋਕਾਂ ਦੀ ਕੀਤੀ ਗਈ ਨਿੰਦਾ ਵਿੱਚੋਂ ਸਭ ਤੋਂ ਸਪੱਸ਼ਟ ਨਿੰਦਾ ਹੈ। ਪੌਲੁਸ ਆਪਣੇ ਸਾਥੀ ਯਹੂਦੀਆਂ ਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਸੀ (ਰੋਮੀਆਂ 9:1–5), ਪਰ ਇਹ ਉਹੋ ਪਿਆਰ ਸੀ ਜੋ ਇਹ ਮੰਗ ਕਰਦਾ ਸੀ ਕਿ ਉਹ ਉਨ੍ਹਾਂ ਦੇ ਚਾਲ-ਚਲਨ ਦੇ ਵਿਰੁੱਧ ਅਵਾਜ਼ ਉਠਾਏ। ਉਸ ਨੂੰ ਇਹ ਸਪੱਸ਼ਟ ਕਰਨਾ ਪੈਣਾ ਸੀ ਕਿ ਜਿਸ ਕਿਸੇ ਦਾ ਚਾਲ-ਚਲਨ ਇਨ੍ਹਾਂ ਯਹੂਦੀਆਂ ਵਰਗਾ ਸੀ ਉਹ ਨਾ ਸਿਰਫ ਮਸੀਹ ਨੂੰ ਠੁਕਰਾ ਰਿਹਾ ਸੀ ਪਰ ਉਹ ਪਰਮੇਸ਼ੁਰ ਨੂੰ ਅਤੇ ਉਨ੍ਹਾਂ ਸਾਰੀਆਂ ਗੱਲਾਂ ਨੂੰ ਵੀ ਜਿਨ੍ਹਾਂ ਦੇ ਲਈ ਉਹ ਖੜ੍ਹਾ ਹੁੰਦਾ ਹੈ ਠੁਕਰਾ ਰਿਹਾ ਸੀ।

ਪੌਲੁਸ ਨੇ ਕਿਹਾ ਕਿ ਯਹੂਦੀ ਲੋਕਾਂ ਨੇ **ਪ੍ਰਭੂ ਯਿਸੂ ਨੂੰ ਮਾਰ ਸੁੱਟਿਆ ਸੀ**। ਉਹ ਯਿਸੂ ਨੂੰ ਰੋਮੀ ਅਧਿਕਾਰੀਆਂ ਕੋਲ ਲੈ ਕੇ ਆਏ ਸਨ ਜਿਸ ਨੇ ਉਸ ਨੂੰ ਪਿਲਾਤੁਸ ਦੀ ਮਰਜ਼ੀ ਦੇ ਵਿਰੁੱਧ ਮਾਰ ਸੁੱਟਿਆ ਕਿਉਂਕਿ ਉਹ ਇਹੋ ਚਾਹੁੰਦੇ ਸਨ (ਮੱਤੀ 27:15–26; ਰਸੂਲਾਂ ਦੇ ਕਰਤੱਬ 2:22–24)। ਪੌਲੁਸ ਨੇ ਕਿਹਾ ਕਿ ਉਨ੍ਹਾਂ ਨੇ **ਨਬੀਆਂ ਨੂੰ** ਵੀ ਮਾਰ ਸੁੱਟਿਆ ਸੀ। ਮੱਤੀ 23:29–32 ਉਨ੍ਹਾਂ ਦੁਆਰਾ "ਨਬੀਆਂ ਦੇ ਕਤਲ ਕਰਨ" ਦੀ ਗੱਲ ਕਰਦੀ ਹੈ ਜਿਵੇਂ ਕਿ ਰਸੂਲਾਂ ਦੇ ਕਰਤੱਬ 7:51, 52 ਉਨ੍ਹਾਂ ਦੇ ਵੱਢ ਸੁੱਟਣ ਦੀ ਗੱਲ ਕਰਦੀ ਹੈ। ਲੂਕਾ 11:47–51 ਨੇ ਇਹ ਦੱਸਦੇ ਹੋਏ ਉਸੇ ਗੱਲ ਦੀ ਮੁੜ ਪੁਸ਼ਟੀ ਕਰਦੀ ਹੈ ਕਿ ਉਨ੍ਹਾਂ ਨੇ ਇੱਕ ਧਰਮੀ ਨਬੀ ਦਾ ਕਤਲ ਕੀਤਾ ਸੀ, "ਜ਼ਕਰਯਾਹ, ਜੋ ਜਗਵੇਦੀ ਅਤੇ ਹੈਕਲ ਦੇ ਵਿਚਕਾਰ ਕਤਲ ਕੀਤਾ ਗਿਆ" (ਆਇਤ 51)। ਇਹ ਨਬੀ ਉਹ ਜ਼ਕਰਯਾਹ ਨਹੀਂ ਸੀ ਜਿਸ ਨੇ ਪੁਰਾਣੇ ਨੇਮ ਵਿੱਚ ਜ਼ਕਰਯਾਹ ਦੀ ਪੁਸਤਕ ਲਿਖੀ ਸੀ। ਬਲਕਿ, ਇਹ ਉਹ ਹੈ ਜਿਸ ਦਾ ਜ਼ਿਕਰ 2 ਇਤਹਾਸ 24:20, 21 ਵਿੱਚ "ਪੱਥਰਾਂ ਨਾਲ ਮਾਰ ਸੁੱਟਿਆ" ਵਜੋਂ ਕੀਤਾ ਗਿਆ ਸੀ। ਦੂਜਾ ਨਬੀ ਯਿਰਮਿਯਾਹ ਸੀ ਜਿਸ ਨੂੰ ਜੇਲ ਵਿੱਚ ਸੁੱਟਿਆ ਗਿਆ ਅਤੇ ਜਿਸ ਨੇ ਆਪਣੇ ਜੀਵਨ ਵਿੱਚ ਬਹੁਤ ਵਾਰ ਮੌਤ ਦਾ ਖ਼ਤਰਾ ਉਠਾਇਆ।

ਪੌਲੁਸ ਨੇ ਕਿਹਾ ਕਿ ਯਹੂਦੀ ਲੋਕਾਂ ਨੇ **ਸਾਨੂੰ ਬਾਹਰ ਕੱਢ ਦਿੱਤਾ**। KJV ਅਨੁਵਾਦ ਵਿੱਚ "ਸਾਨੂੰ ਸਤਾਇਆ" ਹੈ। ਇੱਥੇ ਉਸ ਨੇ ਥੱਸਲੁਨੀਕੇ ਵਿੱਚ ਆਪਣੇ ਅਨੁਭਵ ਦੀ ਗੱਲ ਕੀਤੀ ਜਦੋਂ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਬਾਹਰ ਕੱਢ ਦਿੱਤਾ ਗਿਆ ਸੀ (ਰਸੂਲਾਂ ਦੇ ਕਰਤੱਬ 17:1–10)। ਉਸ ਨੇ ਕਿਹਾ ਕਿ ਪਰਮੇਸ਼ੁਰ ਦੇ ਪੁੱਤ੍ਰ ਨੂੰ ਕਬੂਲ ਨਾ ਕਰਨ ਕਰਕੇ ਉਹ **ਪਰਮੇਸ਼ੁਰ ਨੂੰ ਨਹੀਂ ਭਾਉਂਦੇ** ਸਨ; ਇਸ ਤਰ੍ਹਾਂ, ਅਸਲ ਵਿੱਚ, ਉਨ੍ਹਾਂ ਨੇ ਪਿਤਾ ਨੂੰ ਵੀ

ਠੁਕਰਾ ਦਿੱਤਾ ਸੀ (ਯੂਹੰਨਾ 5:22–24; ਇਬਰਾਨੀਆਂ 11:6)। ਆਖ਼ਰਕਾਰ, ਉਸ ਨੇ ਕਿਹਾ ਕਿ ਉਹ **ਸਭਨਾਂ ਮਨੁੱਖਾਂ ਦੇ ਵਿਰੋਧੀ** ਹਨ। ਜਦੋਂ ਪੌਲੁਸ ਨੇ ਯਹੂਦੀ ਲੋਕਾਂ ਨੂੰ "ਸਭਨਾਂ ਮਨੁੱਖਾਂ ਦੇ ਵਿਰੋਧੀ" ਹੋਣ ਦਾ ਨਾਂਅ ਦਿੱਤਾ, ਉਸ ਨੇ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਵਿੱਚ ਨਹੀਂ ਰੱਖਿਆ ਜਿਹੜੇ ਯਹੂਦੀ ਲੋਕਾਂ ਤੇ ਮਨੁੱਖਤਾ ਨੂੰ ਨਫਰਤ ਕਰਨ ਦਾ ਦੋਸ਼ ਲਾਉਂਦੇ ਸਨ। ਬਲਕਿ, ਵਿਰੋਧਤਾ ਜਿਸ ਦੀ ਗੱਲ ਪੌਲੁਸ ਨੇ ਕੀਤੀ ਸੀ ਕੁਝ ਯਹੂਦੀ ਵਿਸ਼ਵਾਸੀਆਂ ਦੇ ਬਾਰੇ ਸੀ ਜਿਹੜੇ ਪਰਾਈਆਂ ਕੌਮਾਂ ਨੂੰ ਖੁਸ਼ਖ਼ਬਰੀ ਸੁਣਾਉਣ ਦੇ ਵਿਰੋਧ ਵਿੱਚ ਸਨ।[20]

**ਆਇਤ 16.** ਇਹ ਕਿ ਪੌਲੁਸ ਪਰਾਈਆਂ ਕੌਮਾਂ ਤੱਕ ਖੁਸ਼ਖ਼ਬਰੀ ਪਹੁੰਚਾਉਣ ਦੇ ਲਈ ਖਾਸ ਤੌਰ ਤੇ ਯਹੂਦੀਆਂ ਦੇ ਵਿਰੋਧ (ਆਇਤ 15) ਦੀ ਗੱਲ ਕਰ ਰਿਹਾ ਸੀ ਇਸ ਆਇਤ ਵਿੱਚ ਵੀ ਵੇਖਿਆ ਜਾ ਸਕਦਾ ਹੈ। ਉਸ ਨੇ ਕਿਹਾ ਕਿ ਇਹ ਲੋਕ ਦੂਜਿਆਂ ਨੂੰ ਵੀ **ਪਰਾਈਆਂ ਕੌਮਾਂ ਨਾਲ ਗੱਲ ਕਰਨ ਤੋਂ ਵਰਜਦੇ ਹਨ ਜਿਸ ਤੋਂ ਉਹ ਬਚਾਏ ਜਾਣ**। ਰਸੂਲਾਂ ਦੇ ਕਰਤੱਬ 22:21, 22 ਵਿੱਚ, ਯਹੂਦੀ ਲੋਕ ਪੌਲੁਸ ਨੂੰ ਤਦ ਤੱਕ ਸੁਣਦੇ ਰਹੇ ਜਦੋਂ ਤੱਕ ਉਸ ਨੇ ਇਹ ਨਹੀਂ ਕਿਹਾ ਕਿ ਪਰਮੇਸ਼ੁਰ ਨੇ ਮੈਨੂੰ "ਪਰਾਈਆਂ ਕੌਮਾਂ" ਕੋਲ ਘੱਲਿਆ ਹੈ ਅਤੇ ਜਦੋਂ ਉਸ ਨੇ ਇਹ ਕਿਹਾ ਤਾਂ ਉਹ ਉੱਚੀ ਅਵਾਜ਼ ਨਾਲ ਆਖਣ ਲੱਗੇ, "ਇਹੋ ਜਿਹੇ ਮਨੁੱਖ ਨੂੰ ਧਰਤੀ ਉੱਤੋਂ ਦੂਰ ਕਰ ਦਿਓ ... ।"

ਅਨੁਵਾਦ ਕੀਤਾ ਗਿਆ ਸ਼ਬਦ "ਪਰਾਈਆਂ ਕੌਮਾਂ" ਯੂਨਾਨੀ ਸ਼ਬਦ ἔθνος (*ਏਥਨੋਸ*) ਤੋਂ ਆਉਂਦਾ ਹੈ ਜਥਾਰਤ ਰੂਪ ਵਿੱਚ "ਕੌਮਾਂ" ਅਤੇ ਯਹੂਦੀ ਕੌਮ ਤੋਂ ਸਿਵਾਏ ਸਾਰੀਆਂ ਕੌਮਾਂ ਦੀ ਗੱਲ ਕਰਦਾ ਹੈ ਜਾਂ ਉਹ "ਕੌਮਾਂ ਜਿਹੜੀਆਂ ਅਬਰਾਹਾਮ ਦੇ ਨੇਮ ਤੋਂ ਬਾਹਰ ਹਨ ਜਿਵੇਂ ਕਿ ਇਹ ਸਮਝਿਆ ਜਾਂਦਾ ਹੈ।"[21]

ਹੋਰ ਬਹੁਤ ਸਾਰੇ ਹਵਾਲੇ ਯਹੂਦੀ ਲੋਕਾਂ ਦੀ ਪਰਾਈਆਂ ਕੌਮਾਂ ਨੂੰ ਰਾਜ ਵਿੱਚੋਂ ਬਾਹਰ ਰੱਖਣ ਦੀ ਇੱਛਾ ਦੀ ਗਵਾਹੀ ਦਿੰਦੇ ਹਨ ਤਾਂ ਜੋ ਉਹ ਆਪਣੇ ਆਪ ਨੂੰ ਇੱਕ ਉੱਤਮ ਜਾਤੀ ਵਜੋਂ ਸਮਝ ਸਕਣ। ਉਹ "ਖਾਰ" ਖਾਂਦੇ ਸਨ (ਰਸੂਲਾਂ ਦੇ ਕਰਤੱਬ 13:42–45) ਅਤੇ ਚਾਹੁੰਦੇ ਸਨ ਕਿ ਪਰਮੇਸ਼ੁਰ ਸਾਰਾ ਧਿਆਨ ਉਨ੍ਹਾਂ ਵੱਲ ਦੇਵੇ। ਸੋ ਪੌਲੁਸ ਨੇ ਕਿਹਾ, "ਉਨ੍ਹਾਂ ਦੇ ਪੈਮਾਨੇ ਤੇ ਸਦਾ ਪਾਪਾਂ ਦਾ ਢੇਰ ਲੱਗਾ ਰਹੇ" (NIV) ਜਾਂ **ਉਨ੍ਹਾਂ ਦੇ ਪਾਪਾਂ ਦਾ ਪੈਮਾਨਾ ਸਦਾ ਭਰਿਆ ਰਹੇ**। ਉਹ ਇੱਕ ਤੋਂ ਬਾਅਦ ਇੱਕ ਅਣਆਗਿਆਕਾਰੀ ਕਰੀ ਜਾ ਰਹੇ ਸਨ। ਪੌਲੁਸ ਨੇ ਚਿਤਾਵਨੀ ਦਿੱਤੀ ਸੀ ਕਿ ਪਰਮੇਸ਼ੁਰ ਦੀ ਸਹਿਣਸ਼ੀਲਤਾ ਦੀ ਵੀ ਕੋਈ ਹੱਦ ਹੈ ਅਤੇ ਉਨ੍ਹਾਂ ਨੂੰ ਸਜ਼ਾ ਮਿਲੇਗੀ।

ਪੌਲੁਸ ਨੇ ਕਿਹਾ, **ਕ੍ਰੋਧ** [ਪਰਮੇਸ਼ੁਰ ਦਾ ਕ੍ਰੋਧ] **ਓਹਨਾਂ ਦੇ ਉੱਤੇ ਹੱਦ ਤੀਕ ਆਣ ਪਿਆ ਹੈ**। "ਕ੍ਰੋਧ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ ὀργή (*ਓਰਗੇ* ) ਤੋਂ ਆਉਂਦਾ ਹੈ ਜੋ ਅਸਲ ਵਿੱਚ ਪਰਮੇਸ਼ੁਰ ਦੀ ਸ਼ਰਾ ਵਿਰੁੱਧ ਕਿਸੇ ਵੀ ਬਗਾਵਤ ਬਾਰੇ ਉਸ ਦੀਆਂ ਠੋਸ ਕਠੋਰ ਭਾਵਨਾਵਾਂ ਦੀ ਗੱਲ ਕਰਦਾ ਹੈ। ਇੱਥੇ ਇਹ ਸ਼ਬਦ ਸਜ਼ਾ ਨੂੰ ਦਰਸਾਉਂਦਾ ਹੈ ਜੋ ਉਸ ਦੀਆਂ ਭਾਵਨਾਵਾਂ ਦੇ ਕਾਰਨ ਅਣਗਿਆਕਾਰੀ ਦੇ ਸਿਰਾਂ ਉੱਤੇ ਆ ਪਵੇਗੀ। ਇਹ ਬਿਲਕੁਲ ਨਿਸ਼ਚਿਤ ਸੀ ਕਿ ਪਰਮੇਸ਼ੁਰ ਉਨ੍ਹਾਂ ਨੂੰ ਸਜ਼ਾ ਦੇਵੇਗਾ ਜਿਸ ਦੇ ਬਾਰੇ ਪੌਲੁਸ ਨੇ ਭੂਤਕਾਲ ਵਾਕ ਵਿੱਚ ਇਉਂ ਗੱਲ ਕੀਤੀ ਸੀ ਕਿ ਜਿਵੇਂ ਕਿ ਇਹ ਸਜ਼ਾ ਉਨ੍ਹਾਂ ਨੂੰ *ਪਹਿਲਾਂ ਹੀ* ਮਿਲ ਚੁੱਕੀ ਹੋਵੇ। ਇਹੋ ਜਿਹਾ ਉਦਾਹਰਣ ਯਸਾਯਾਹ 53:5 ਵਿੱਚ ਵੀ ਹੈ, ਜਿੱਥੇ ਇਹ ਕਿਹਾ ਗਿਆ ਹੈ ਕਿ "ਉਹ ਕੁਚਲਿਆ ਗਿਆ *ਸੀ*" (ਜ਼ੋਰ ਦਿੱਤਾ ਗਿਆ ਹੈ)। ਉਹ ਆਪਣੇ ਆਪ ਦੇ ਵਿਰੁੱਧ "ਕ੍ਰੋਧ ਇਕੱਠਾ ਕਰ ਰਹੇ" ਸਨ "ਜਿਸ ਦਿਨ ਪਰਮੇਸ਼ੁਰ ਦਾ ਕ੍ਰੋਧ ਅਤੇ ਸੱਚਾ ਨਿਆਉਂ

ਪਰਗਟ ਹੋਵੇਗਾ" (ਰੋਮੀਆਂ 2:5, 6)। ਪਹਿਲਾਂ ਇਹ ਸਜ਼ਾ 70 ਈਸਵੀ ਵਿੱਚ (ਤੀਤੁਸ ਅਧੀਨ) ਯਹੂਦੀ ਕੌਮ ਦੀ ਬਰਬਾਦੀ ਹੋਣ ਦੇ ਨਾਲ ਮਿਲੀ ਸੀ ਅਤੇ ਇਹ ਪੂਰੀ ਤਰ੍ਹਾਂ ਆਖ਼ਰੀ ਨਿਆਂ ਵਿੱਚ ਮਿਲੇਗੀ। "ਹੱਦ ਤੀਕ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ τέλος (*ਟੇਲੋਸ* ) ਤੋਂ ਆਉਂਦਾ ਹੈ ਜਿਸ ਦਾ ਸ਼ਾਇਦ ਅਰਥ ਹੈ ਇਹ ਹੁੰਦਾ ਹੈ ਕਿ "ਆਖ਼ਰ" ਉਨ੍ਹਾਂ ਉੱਤੇ ਪਰਮੇਸ਼ੁਰ ਦਾ ਕ੍ਰੋਧ ਆਣ ਪਿਆ ਹੈ।[22]

## ਪੌਲੁਸ ਦੀ ਉਨ੍ਹਾਂ ਵਿੱਚ ਸਥਾਈ ਦਿਲਚਸਪੀ (2:17-20)

**17ਪਰ ਹੇ ਭਰਾਵੋ, ਅਸੀਂ ਜੋ ਥੋੜਾ ਚਿਰ ਤੁਹਾਥੋਂ ਵਿਛੜੇ ਰਹੇ ਮਨ ਕਰਕੇ ਨਹੀਂ ਪਰ ਦੇਹ ਕਰਕੇ ਤਾਂ ਅਸਾਂ ਵੱਡੀ ਚਾਹ ਨਾਲ ਤੁਹਾਡਾ ਦਰਸ਼ਣ ਕਰਨ ਲਈ ਬਹੁਤ ਹੀ ਜਤਨ ਕੀਤਾ। 18ਕਿਉਂ ਜੋ ਅਸਾਂ ਅਰਥਾਤ ਮੈਂ ਪੌਲੁਸ ਨੇ ਵਾਰ ਵਾਰ ਤੁਹਾਡੇ ਕੋਲ ਆਉਣ ਦੀ ਦਲੀਲ ਕੀਤੀ ਪਰ ਸ਼ਤਾਨ ਨੇ ਸਾਨੂੰ ਡੱਕ ਲਿਆ। 19ਸਾਡੀ ਆਸ ਯਾ ਅਨੰਦ ਯਾ ਅਭਮਾਨ ਦਾ ਮੁਕਟ ਕੌਣ ਹੈ? ਭਲਾ, ਸਾਡੇ ਪ੍ਰਭੂ ਯਿਸੂ ਅੱਗੇ ਉਹ ਦੇ ਆਉਣ ਦੇ ਵੇਲੇ ਤੁਸੀਂ ਨਹੀਂ ਹੋਵੋਗੇ? 20ਕਿਉਂ ਜੋ ਤੁਸੀਂ ਸਾਡੇ ਪਰਤਾਪ ਅਤੇ ਅਨੰਦ ਦਾ ਕਾਰਨ ਹੋ।**

**ਆਇਤ 17.** ਇੱਕ ਵਾਰ ਫੇਰ, ਪੌਲੁਸ ਦੇ ਉਨ੍ਹਾਂ ਨੂੰ **ਭਰਾਵੋ** ਕਹਿਣ ਨਾਲ ਪਰਿਵਾਰਕ ਭਾਵਨਾ ਵਿਅਕਤ ਕੀਤੀ ਗਈ ਸੀ। ਪੌਲੁਸ ਨੇ ਕਿਹਾ ਕਿ ਉਹ **ਥੋੜੇ ਚਿਰ ਲਈ ਉਨ੍ਹਾਂ ਤੋਂ ਵਿਛੜਿਆ** ("ਮਨ ਨੂੰ ਮਾਰ ਕੇ ਦੂਰ ਰਿਹਾ"; NIV) **ਰਿਹਾ** ਜੋ ਇਸ ਗੱਲ ਵੱਲ ਇਸ਼ਾਰਾ ਕਰ ਰਿਹਾ ਹੈ ਕਿ ਉਨ੍ਹਾਂ ਤੋਂ ਵਿਛੜਨ ਲਈ ਉਸ ਨੂੰ ਮਜ਼ਬੂਰ ਕੀਤਾ ਗਿਆ ਸੀ (ਰਸੂਲਾਂ ਦੇ ਕਰਤੱਬ 17:1-10)। ਅਨੁਵਾਦ ਕੀਤਾ ਗਿਆ "ਵਿਛੜੇ ਰਹੇ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ Ἀπορφανίζω (*ਅਪੋਰਫਾਨਿਜ਼ੋ* ) ਤੋਂ ਆਉਂਦਾ ਹੈ ਜਿਸ ਦਾ ਜਥਾਰਥ ਰੂਪ ਵਿੱਚ ਅਰਥ ਹੈ "ਤੁਹਾਡੇ ਤੋਂ ਅਨਾਥ ਕੀਤਾ ਗਿਆ।"[23] Καιρός ὥρα (*ਕੇਰੋਸ ਹੋਰਾ* ) ਦਾ ਜਥਾਰਥ ਰੂਪ ਵਿੱਚ ਅਰਥ ਹੈ "ਘੰਟੇ ਦਾ ਸਮਾਂ," ਪਰ ਸ਼ਾਇਦ ਇਸ ਦਾ ਸਹੀ ਅਨੁਵਾਦ "ਥੋੜਾ ਚਿਰ" ਕੀਤਾ ਗਿਆ ਹੈ। ਸ਼ਾਇਦ ਇਹ ਕੁਝ ਮਹੀਨਿਆਂ ਦੀ ਗੱਲ ਸੀ।

ਪੌਲੁਸ ਨੇ ਉਸ ਮਾਤਾ-ਪਿਤਾ ਦੇ ਵਾਂਗ ਇਸ ਗੱਲ ਦਾ ਸੋਗ ਮਨਾਇਆ ਜਿਨ੍ਹਾਂ ਦੇ ਬੱਚਿਆਂ ਨੂੰ ਜ਼ਬਰਦਸਤੀ ਉਨ੍ਹਾਂ ਤੋਂ ਵਿਛੋੜਿਆ ਗਿਆ ਹੈ, ਪਰ **ਆਤਮਾ ਵਿੱਚ** ਉਹ ਉਨ੍ਹਾਂ ਤੋਂ ਦੂਰ ਨਹੀਂ ਸੀ। ਉਸ ਭਾਵ ਵਿੱਚ, ਉਹ ਭਰਾਵਾਂ ਦੇ ਨਾਲ ਸੀ। ਉਸ ਦੇ ਅੰਦਰ ਉਨ੍ਹਾਂ ਦਾ ਦਰਸ਼ਣ ਕਰਨ ਦੀ **ਵੱਡੀ ਚਾਹ** ਸੀ, ਹਾਲਾਂਕਿ ਉਹ ਸਿਰਫ "ਥੋੜੇ ਚਿਰ ਲਈ" ਉਨ੍ਹਾਂ ਤੋਂ ਵਿਛੜਿਆ ਸੀ। ਉਸ ਨੂੰ ਉਨ੍ਹਾਂ ਦੇ ਕੋਲ ਆਉਣ ਦੇ ਲਈ ਰੋਕਿਆ ਗਿਆ ਸੀ, ਸ਼ਾਇਦ ਇਸ ਲਈ ਕਿਉਂਕਿ ਯਹੂਦੀ ਲੋਕ ਉਸ ਦੀ ਜਾਨ ਦੇ ਮਗਰ ਪਏ ਹੋਏ ਸਨ (ਰਸੂਲਾਂ ਦੇ ਕਰਤੱਬ 17:13–15)। 17 ਆਇਤ ਨਾਲੇ 3:10 ਵਿੱਚ ਵੀ ਪੌਲੁਸ ਅਤੇ ਉਸ ਦੇ ਸਾਥੀਆਂ ਅਤੇ ਥੱਸਲੁਨੀਕੇ ਦੇ ਮਸੀਹੀ ਲੋਕਾਂ ਵਿਚਕਾਰ ਇੱਕ ਬਹੁਤ ਹੀ ਜ਼ਿਆਦਾ ਮਜ਼ਬੂਤ ਮਸੀਹੀ ਸੰਬੰਧ ਵੱਲ ਇਸ਼ਾਰਾ ਕਰਦੀ ਹੈ।

**ਆਇਤ 18.** ਪੌਲੁਸ ਅਤੇ ਉਸ ਦੇ ਸਾਥੀ **ਵਾਰ ਵਾਰ** ਥੱਸਲੁਨੀਕੀਆਂ ਦੇ ਕੋਲ ਜਾਣ ਦੀ ਇੱਛਾ ਕਰਦੇ ਸਨ, ਪਰ ਉਨ੍ਹਾਂ ਨੂੰ ਵਾਪਸ ਪਰਤਣ ਤੋਂ **ਸ਼ਤਾਨ ਨੇ ਡੱਕ ਲਿਆ**, ਸ਼ਪੱਸ਼ਟ ਤੌਰ ਤੇ ਅਣਆਗਿਆਕਾਰੀ ਯਹੂਦੀਆਂ ਨੂੰ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲਈ ਇਸਤੇਮਾਲ ਕਰਕੇ। ਅਸੀਂ ਇਸ ਦੀ ਤੁਲਨਾ ਰਸੂਲਾਂ ਦੇ ਕਰਤੱਬ 5:3 ਅਤੇ 2 ਕੁਰਿੰਥੀਆਂ

2:11 ਵਿੱਚ ਦੂਜਿਆਂ ਤੇ ਸ਼ਤਾਨ ਦੇ ਪ੍ਰਭਾਵ ਨਾਲ ਕਰ ਸਕਦੇ ਹਾਂ।

ਯੂਨਾਨੀ ਭਾਸ਼ਾ ਜਥਾਰਥ ਰੂਪ ਵਿੱਚ ਕਹਿੰਦੀ ਹੈ ਕਿ ਸ਼ਤਾਨ ਨੇ ਉਨ੍ਹਾਂ ਨੂੰ "ਵਾਰ ਵਾਰ" ਰੋਕ ਲਿਆ। ਅਨੁਵਾਦ ਕੀਤਾ ਗਿਆ "ਡੱਕ ਲਿਆ" ਸ਼ਬਦ ਯੂਨਾਨੀ ਕਿਰਿਆ ἐνέκοψεν (*ਏਕੇਪੋਸੇਨ*) ਹੈ, ਇਹ ਇੱਕ ਕਿਰਿਆ ਸੀ ਜੋ ਸੜਕ ਵਿੱਚ ਇਹੋ ਜਿਹਾ ਕੱਟ ਮਾਰਨ ਦਾ ਵਰਣਨ ਕਰਨ ਲਈ ਵਰਤੀ ਗਈ ਸੀ ਜਿਸ ਦੇ ਵਿੱਚੋਂ ਲੰਘਿਆ ਨਹੀਂ ਜਾ ਸਕਦਾ। ਸੋ ਪੌਲੁਸ ਨੇ ਥੱਸਲੁਨੀਕੀਆਂ ਦੇ ਕੋਲ ਜਾਣ ਲਈ ਉਸ ਦੇ ਰਾਹ ਨੂੰ ਕੱਟਣ ਦਾ ਦੋਸ਼ ਸ਼ਤਾਨ ਤੇ ਲਾਇਆ। "ਸ਼ਾਇਦ ਇਹ ਰੁਕਾਵਟ ਕੋਈ ਬਿਮਾਰੀ, ਕੁਰਿੰਥੁਸ ਵਿੱਚ ਯਹੂਦੀ ਲੋਕਾਂ ਦੀ ਵਿਰੋਧਤਾ," ਜਾਂ ਇਹੋ ਜਿਹੀ ਹੀ ਕੋਈ ਗੱਲ ਹੋਵੇਗੀ।[24]

**ਆਇਤਾਂ 19, 20.** ਸ਼ਬਦ **ਕਿਉਂ ਜੋ** ਇਹ ਵਿਖਾਉਂਦਾ ਹੈ ਕਿ ਪੌਲੁਸ ਕਿਉਂ ਬੜੇ ਉਤਸ਼ਾਹ ਨਾਲ ਥੱਸਲੁਨੀਕੀਆਂ ਨੂੰ ਮਿਲਣ ਦੀ ਇੱਛਾ ਕਰਦਾ ਸੀ-ਕਿਉਂਕਿ ਉਹ ਉਸ ਦੀ **ਆਸ** ਅਤੇ **ਅਨੰਦ** ਸਨ। ਦਰਅਸਲ, ਉਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ **ਸਾਡੇ ਪ੍ਰਭੂ ਯਿਸੂ ਅੱਗੇ ਉਹ ਦੇ ਆਉਣ ਦੇ ਵੇਲੇ** (ਉਸ ਦੀ ਪਰਤਾਪ ਵਾਲੀ ਦੂਜੀ ਆਮਦ; 4:15; 5:1–3), ਉਹ ਉਸ ਦੇ **ਅਭਮਾਨ ਦਾ ਮੁਕਟ** ਹੋਣਗੇ। "ਅਭਮਾਨ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ καύχησις (*ਕਾਉਚੈਸਿਸ*) ਤੋਂ ਆਇਆ ਹੈ। ਡੇਵਿਡ ਜੇ. ਵਿਲੀਅਮਸ ਨੇ ਲਿਖਿਆ ਹੈ,

> ਇਸ ਸ਼ਬਦ ਦਾ ਅਰਥ ਕਦੇ-ਕਦੇ "ਘਮੰਡ" ਵੀ ਹੋ ਸਕਦਾ ਹੈ (ਤੁਲਨਾ ਕਰੋ, ਉਦਾਹਰਣ ਦੇ ਲਈ, ਰੋਮੀਆਂ 3:27; 2 ਕੁਰਿੰਥੀਆਂ 11:10, 17) ਪਰ ਇਸ ਸੰਦਰਭ ਵਿੱਚ ਇਸ ਦਾ ਸਭ ਤੋਂ ਵਧੀਆ ਅਨੁਵਾਦ "ਅਭਮਾਨ" ਕੀਤਾ ਗਿਆ ਹੈ। ਪੌਲੁਸ ਨੇ ਖੇਡਾਂ ਦੇ ਰੂਪਕ ਨੂੰ ਕਾਇਮ ਰੱਖਿਆ ਅਤੇ ਆਪਣੇ ਆਪ ਨੂੰ ਇੱਕ ਖਿਡਾਰੀ ਵਜੋਂ ਅਭਮਾਨ ਕਰਦਿਆਂ, ਰਾਸ਼ਟਰਪਤੀ ਦੇ ਮੰਚ ਸਾਹਮਣੇ ਆਪਣੀ ਜਿੱਤ ਵਿੱਚ ਅਭਮਾਨ ਕਰਨ ਦੇ ਭਾਵ ਵਿੱਚ ਵੇਖਦਾ ਹੈ।[25]

ਪੌਲੁਸ ਨੇ ਅੱਗੇ ਇਹ ਕਿਹਾ ਕਿ **ਤੁਸੀਂ ਸਾਡਾ ਪਰਤਾਪ ਹੋ**। "ਪਰਤਾਪ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ δόξα (*ਡੌਕਸਾ*) ਤੋਂ ਆਉਂਦਾ ਹੈ "ਉਸ ਭਾਵ ਵਿੱਚ ਜਿਸ ਦੇ ਵਿੱਚ 'ਕੋਈ ਘਮੰਡ ਕਰਦਾ ਹੈ' ਤੁਲਨਾ 1 ਕੁਰਿੰਥੀਆਂ 11:7, ਜਿੱਥੇ 'ਇਸਤ੍ਰੀ ਪੁਰਖ ਦਾ ਪਰਤਾਪ (δόξα) ਹੈ।'"[26]

ਪੌਲੁਸ ਥੱਸਲੁਨੀਕੀਆਂ ਦੇ ਕਾਰਨ ਜਿਨ੍ਹਾਂ ਨੇ ਵਫ਼ਾਦਾਰੀ ਨਾਲ ਜੀਵਨ ਬਤੀਤ ਕੀਤਾ ਸੀ (ਦੂਜੀ ਆਮਦ ਵਿਚ) "ਅਭਮਾਨ ਕਰੇਗਾ।" ਉਹ ਉਨਾਂ ਵੱਲ ਉਸ ਦੇ ਆਪਣੇ ਜੀਵਨ ਦੇ ਇੱਕ ਚੰਗੇ ਫਲ ਵਜੋਂ ਇਸ਼ਾਰਾ ਕਰੇਗਾ। ਇੱਕ ਭਾਵ ਵਿੱਚ, ਉਹ ਉਸ ਦੀ "ਆਸ" ਸਨ। ਬੇਸ਼ੱਕ, ਇੱਕ ਹੋਰ ਜ਼ਿਆਦਾ ਮੂਲ ਭਾਵ ਵਿੱਚ, ਮਸੀਹ ਸਾਡੀ ਆਸ ਹੈ (1 ਤਿਮੋਥਿਉਸ 1:1), ਪਰ ਜਿਹੜੇ ਲੋਕ ਸਾਡੇ ਰਾਹੀਂ ਮਸੀਹ ਵਿੱਚ ਆ ਚੁੱਕੇ ਹਨ ਸਾਡੀ ਆਸ ਵੀ ਹਨ ਇਸ ਭਾਵ ਵਿੱਚ ਕਿ ਉਹ ਇਸ ਗੱਲ ਦਾ ਸਬੂਤ ਹਨ ਕਿ ਅਸੀਂ ਆਪਣੇ ਤੋੜੇ ਨੂੰ ਇਸਤੇਮਾਲ ਕੀਤਾ ਹੈ (ਮੱਤੀ 25:14–28)। ਉਸ ਨੂੰ ਇਹ ਜਾਣ ਕੇ ਵੱਡਾ ਅਨੰਦ ਹੋਇਆ ਕਿ ਉਸ ਨੇ ਉਨ੍ਹਾਂ ਦਾ ਪਰਮੇਸ਼ੁਰ ਨਾਲ ਮੇਲ ਕਰਾਉਣ ਅਤੇ ਉਨ੍ਹਾਂ ਨੂੰ ਚੋਖਾ ਜੀਵਨ ਲੱਭਣ ਵਿੱਚ ਉਨ੍ਹਾਂ ਦੀ ਮਦਦ ਕਰਨ ਦੇ ਲਈ ਆਪਣੀ ਭੂਮਿਕਾ ਬਹੁਤ ਚੰਗੀ ਤਰ੍ਹਾਂ ਨਿਭਾਈ ਸੀ (3 ਯੂਹੰਨਾ 3:3, 4)। ਦੁਨਿਆਵੀ ਚੀਜ਼ਾਂ ਸਾਨੂੰ ਉਸ ਕਿਸਮ ਦਾ ਅਨੰਦ ਨਹੀਂ ਦੇ ਸਕਦੀਆਂ ਜੋ ਇਹ ਗਿਆਨ ਦੇ

ਸਕਦਾ ਹੈ ਜਦੋਂ ਮਸੀਹ ਦੇ ਵਾਪਸ ਆਉਣ ਤੇ ਅਸੀਂ ਉਸ ਦੇ ਸਾਹਮਣੇ ਖੜ੍ਹੇ ਹੋਵਾਂਗੇ। ਮਸੀਹੀਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ ਕਿ ਕਿਤੇ ਉਹ ਇਸ ਅਨੰਦ ਨੂੰ ਗੁਆ ਨਾ ਦੇਣ। ਅੰਤ ਵਿੱਚ, ਪੌਲੁਸ ਨੇ ਉਨ੍ਹਾਂ ਨੂੰ ਆਪਣੇ "ਮੁਕਟ" ਕਿਹਾ ਜਦੋਂ ਆਖਰੀ ਭਾਵ ਵਿੱਚ ਉਹ ਉਸ ਦੀ ਸੇਵਕਾਈ ਦਾ "ਮੁਕਟ" ਹੋਣਗੇ ਜਦੋਂ ਇਹ ਫ਼ੈਸਲਾ ਕੀਤਾ ਜਾਵੇਗਾ ਕਿ ਉਹ ਕਾਇਮ ਰਹੇ ਸਨ (1 ਕੁਰਿੰਥੀਆਂ 1:13–15; ਫ਼ਿਲਿੱਪੀਆਂ 4:1; 2 ਤਿਮੋਥਿਉਸ 4:6–8 ਵੀ ਵੇਖੋ)।

# ਪ੍ਰਾਸੰਗਿਕਤਾ

ਅਧਿਆਇ 2 ਵਿੱਚ, ਪੌਲੁਸ ਇੱਕ ਵਫ਼ਾਦਾਰ ਪ੍ਰਚਾਰਕ ਦੇ ਤੌਰ ਤੇ ਖੁਦ ਦਾ ਬਚਾਅ ਕਰਨ ਵੱਲ ਮੁੜਿਆ। ਸ਼ਾਇਦ ਥੱਸਲੁਨੀਕੇ ਵਿੱਚ ਉਸ ਦੀ ਆਲੋਚਨਾ ਹੋਈ ਸੀ ਕਿਉਂਕਿ ਕਈਆਂ ਨੇ ਉਸ ਦੀ ਦਲੀਲ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਸੀ ਜਿਸ ਕਰਕੇ ਉਹ ਛੇਤੀ ਚਲਾ ਗਿਆ ਸੀ। ਸ਼ਾਇਦ ਯਹੂਦੀ ਲੋਕ ਜਿਹੜੇ ਥੱਸਲੁਨੀਕੀਆਂ ਦੇ ਵਿਰੁੱਧ ਸਤਾਅ ਦਾ ਮੁੱਖ ਸਰੋਤ ਸਨ ਕਹਿ ਰਹੇ ਸਨ ਕਿ ਪੌਲੁਸ ਝੂਠਾ ਡਰਪੋਕ ਸੀ ਅਤੇ ਨਵੀਂ ਕਲੀਸੀਆ ਦੀ ਮਦਦ ਕਰਨ ਦੇ ਲਈ ਵਾਪਸ ਨਹੀਂ ਆਵੇਗਾ।

ਫਿਰ ਵੀ, ਦੋਹਾਂ ਪੱਤ੍ਰੀਆਂ ਵਿੱਚ ਇਹੋ ਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਉਸ ਨੇ ਆਲੋਚਨਾ ਦਾ ਸਾਹਮਣਾ ਕੀਤਾ ਸੀ। ਹੋ ਸਕਦਾ ਹੈ ਕਿ ਅੱਗੇ ਆਉਣ ਵਾਲੇ ਹਵਾਲੇ ਵਿੱਚ, ਪੌਲੁਸ ਅਸਲ ਵਿੱਚ ਉੱਨਾ ਜ਼ਿਆਦਾ ਆਪਣੇ ਕੰਮ ਦਾ ਬਚਾਅ ਨਹੀਂ ਸੀ ਕਰ ਰਿਹਾ ਜਿੰਨਾ ਕਿ ਉਹ ਉਸ ਦੀ ਸੇਵਕਾਈ ਦੀ ਅਸਲੀਅਤ ਅਤੇ ਉਸ ਸਮੇਂ ਦੇ ਝੂਠੇ ਪ੍ਰਚਾਰਕਾਂ ਦੀਆਂ ਧੋਖੇਬਾਜ਼ ਕੋਸ਼ਿਸ਼ਾਂ ਵਿਚਕਾਰ ਸਪੱਸ਼ਟ ਫ਼ਰਕ ਦਾ ਵਰਣਨ ਕਰ ਰਿਹਾ ਸੀ।

ਉਸ ਨੇ ਜੋ ਕਿਹਾ ਸੀ ਉਸ ਦੀ ਪੁਸ਼ਟੀ ਦੇ ਤੌਰ ਤੇ ਉਸ ਨੇ ਖੁਦ ਥੱਸਲੁਨੀਕੀਆਂ ਨੂੰ ਇਸਤੇਮਾਲ ਕੀਤਾ। ਉਹ ਉਸ ਦੇ ਗਵਾਹ ਹੋਣਗੇ। ਉਹ ਜਾਣਦੇ ਸਨ ਕਿ ਉਸ ਨੇ ਉਨ੍ਹਾਂ ਵਿਚਾਲੇ ਕਿਵੇਂ ਆਪਣਾ ਜੀਵਨ ਬਤੀਤ ਕੀਤਾ ਸੀ।

ਜਿਹੜੀ ਚਰਚਾ ਵਿੱਚ ਉਹ ਸ਼ਾਮਲ ਹੋਇਆ ਸੀ ਪ੍ਰਚਾਰ ਦੇ ਸੱਚੇ ਸੁਭਾਅ ਦਾ ਸੂਝਵਾਨ ਚਿੱਤਰ ਸੀ। ਹਰੇਕ ਖੁਸ਼ਖ਼ਬਰੀ ਪ੍ਰਚਾਰਕ ਨੂੰ ਪਵਿੱਤਰ ਵਚਨ ਦੇ ਇਸ ਭਾਗ ਨੂੰ ਵਾਰ-ਵਾਰ ਪੜ੍ਹਨਾ ਅਤੇ ਬੜੇ ਧਿਆਨ ਨਾਲ ਇਸ ਦਾ ਅਧਿਐਨ ਕਰਨਾ ਚਾਹੀਦਾ ਹੈ।

**ਇੱਕ ਪ੍ਰਚਾਰਕ ਆਇਆ (2:1, 2)**

ਇਸ ਅਧਿਆਇ ਦੀਆਂ ਪਹਿਲੀਆਂ ਦੋ ਆਇਤਾਂ ਸਾਨੂੰ ਵਾਪਸ ਰਸੂਲਾਂ ਦੇ ਕਰਤੱਬ 16 ਅਤੇ 17 ਅਧਿਆਇ ਵਿੱਚ ਲੈ ਕੇ ਜਾਂਦੀਆਂ ਹਨ। 16 ਅਧਿਆਇ ਵਿੱਚ ਅਸੀਂ ਫ਼ਿਲਿੱਪੈ ਵਿੱਚ ਕਲੀਸੀਆ ਦੀ ਸ਼ੁਰੂਆਤ ਨੂੰ ਵੇਖਦੇ ਹਾਂ ਅਤੇ 17 ਅਧਿਆਇ ਵਿੱਚ ਅਸੀਂ ਥੱਸਲੁਨੀਕੇ ਵਿੱਚ ਕਲੀਸੀਆ ਦੀ ਸ਼ੁਰੂਆਤ ਨੂੰ ਵੇਖਦੇ ਹਾਂ, ਜੋ ਕਿ ਫ਼ਿਲਿੱਪੈ ਤੋਂ ਲਗਭਗ ਸੱਠ ਮੀਲ ਦੂਰ ਸੀ।

ਫ਼ਿਲਿੱਪੈ ਵਿੱਚ ਜਿਹੜਾ ਸਤਾਅ ਪੌਲੁਸ ਨੇ ਝੱਲਿਆ ਸੀ ਉਸ ਨੇ ਉਹ ਨੂੰ ਥੱਸਲੁਨੀਕੇ ਵਿੱਚ ਆਉਣ ਅਤੇ ਉੱਥੋਂ ਦੇ ਲੋਕਾਂ ਨੂੰ ਖੁਸ਼ਖ਼ਬਰੀ ਦਾ ਪ੍ਰਚਾਰ ਕਰਨ ਤੋਂ ਨਹੀਂ ਸੀ ਰੋਕਿਆ। ਉਹ ਆਪਣੇ ਪ੍ਰਚਾਰ ਵਿੱਚ ਸੱਚਾ ਸੀ ਅਤੇ ਦੂਜਿਆਂ ਦੇ ਪ੍ਰਤੀ ਆਪਣੇ ਉਦੇਸ਼ਾਂ ਅਤੇ ਕੰਮਾਂ ਵਿੱਚ ਸੱਚਾਈ ਦੇ ਪਰਮੇਸ਼ੁਰ ਨੂੰ ਪ੍ਰਸੰਨ ਕਰਨਾ ਭਾਲ ਰਿਹਾ ਸੀ।

ਪੌਲੁਸ ਨੇ ਥੱਸਲੁਨੀਕੀਆਂ ਨੂੰ ਚੇਤੇ ਕਰਾਇਆ ਸੀ ਕਿ ਉਸ ਨੂੰ ਗਿਰਫਤਾਰ ਕੀਤਾ ਗਿਆ, ਮਾਰਿਆ ਕੁੱਟਿਆ ਗਿਆ ਅਤੇ ਬੇਇੱਜ਼ਤ ਕੀਤਾ ਗਿਆ ਸੀ; ਪਰ ਇਨ੍ਹਾਂ ਵਿੱਚੋਂ ਕਿਸੇ

ਵੀ ਮੁਸੀਬਤ ਨੇ ਉਸ ਨੂੰ ਥੱਸਲੁਨੀਕੇ ਵਿੱਚ ਆਉਣ ਤੋਂ ਨਹੀਂ ਰੋਕਿਆ। ਉਹ ਉਨ੍ਹਾਂ ਕੋਲ ਖੁਸ਼ਖ਼ਬਰੀ ਨਾਲ ਆਇਆ ਸੀ, ਜਿਹੜੀ ਉਨ੍ਹਾਂ ਨੇ ਸੁਣੀ ਸੀ ਅਤੇ ਜਿਸ ਤੇ ਉਨ੍ਹਾਂ ਨੇ ਧਿਆਨ ਦਿੱਤਾ ਸੀ।

ਇਹ ਦੋ ਆਇਤਾਂ ਉਸ ਕਿਸਮ ਦੀ ਮੁਸ਼ਕਲ ਸਥਿਤੀ ਤੇ ਜ਼ੋਰ ਦਿੰਦੀਆਂ ਹਨ ਜਿਸ ਦੀ ਇੱਕ ਪ੍ਰਚਾਰਕ ਨੂੰ ਲੋੜ ਹੁੰਦੀ ਹੈ। ਸਭ ਤੋਂ ਮੁਸ਼ਕਲ ਹਾਲਾਤਾਂ ਵਿੱਚ ਕੌਣ ਖੁਸ਼ਖ਼ਬਰੀ ਨੂੰ ਲੈ ਕੇ ਜਾਵੇਗਾ?

*ਜੋਸ਼ ਵਾਲਾ ਬੰਦਾ।* ਉਸ ਨੂੰ ਬੜੀ ਡੂੰਘਿਆਈ ਨਾਲ ਇਹ ਵਿਸ਼ਵਾਸ ਕਰਨ ਦੀ ਲੋੜ ਹੈ ਕਿ ਖੁਸ਼ਖ਼ਬਰੀ ਦੂਜਿਆਂ ਨੂੰ ਵੀ ਸੁਣਾਈ ਜਾਣੀ ਚਾਹੀਦੀ ਹੈ। ਪੌਲੁਸ ਇਹ ਘੋਸ਼ਣਾ ਕਰਨ ਦੇ ਲਈ ਕਿ ਮਸੀਹ ਸੰਸਾਰ ਵਿੱਚ ਆ ਚੁੱਕਾ ਹੈ ਇੱਕ ਥਾਂ ਤੋਂ ਦੂਜੀ ਥਾਂ ਤੇ ਕਿਉਂ ਜਾ ਰਿਹਾ ਸੀ? ਇਸ ਦਾ ਸਿਰਫ ਇੱਕੋ ਜਵਾਬ ਹੈ। ਉਹ ਇਸ ਅਹਿਸਾਸ ਤੋਂ ਪ੍ਰੇਰਿਤ ਹੋਇਆ ਸੀ ਕਿ ਮਸੀਹ ਦਾ ਪ੍ਰਚਾਰ ਹਰ ਥਾਂ ਹੋਣਾ ਚਾਹੀਦਾ ਹੈ।

*ਅਸੂਲ ਵਾਲਾ ਬੰਦਾ।* ਉਸ ਨੂੰ ਲੋਕਾਂ ਦੇ ਵਾਸਤੇ ਖੁਸ਼ਖ਼ਬਰੀ ਸੁਣਾਉਣ ਦੀ ਲੋੜ ਤੋਂ ਇੰਨੀ ਜ਼ਿਆਦਾ ਪ੍ਰੇਰਣਾ ਮਿਲੀ ਕਿ ਉਹ ਇਸ ਦੇ ਲਈ ਦੁਖ ਝੱਲਣ ਨੂੰ ਵੀ ਤਿਆਰ ਸੀ ਤਾਂ ਕਿ ਉਹ ਖੁਸ਼ਖ਼ਬਰੀ ਨੂੰ ਸੁਣ ਸਕਣ। ਜਦੋਂ ਫ਼ਿਲਿੱਪੈ ਵਿੱਚ ਪੌਲੁਸ ਨਾਲ ਸ਼ਰਮਨਾਕ ਵਿਹਾਰ ਕੀਤਾ ਗਿਆ ਤਾਂ ਉਹ ਬੜੀ ਅਸਾਨੀ ਨਾਲ ਇਸ ਵਿਹਾਰ ਤੋਂ ਇੰਨਾ ਜ਼ਿਆਦਾ ਨਿਰਾਸ਼ ਹੋ ਸਕਦਾ ਸੀ ਕਿ ਉਹ ਨੇ ਫੇਰ ਕਦੇ ਪ੍ਰਚਾਰ ਨਹੀਂ ਸੀ ਕਰਨਾ। ਫਿਰ ਵੀ, ਉਹ ਫ਼ਿਲਿੱਪੈ ਨੂੰ ਛੱਡ ਕੇ ਥੱਸਲੁਨੀਕੇ ਨੂੰ ਗਿਆ, ਇਹ ਗੱਲ ਨੂੰ ਜਾਣਦਾ ਹੋਇਆ ਕਿ ਉਸੇ ਕਿਸਮ ਦਾ ਵਿਹਾਰ ਉੱਥੇ ਵੀ ਉਸ ਦੀ ਉਡੀਕ ਕਰ ਰਿਹਾ ਸੀ। ਇੱਕ ਪੁਰਾਣੀ ਕਹਾਵਤ ਹੈ ਕਿ "ਪਰਮੇਸ਼ੁਰ ਨੇ ਸੁਖਦ ਸਮੁੰਦਰੀ ਯਾਤਰਾ ਦਾ ਵਾਅਦਾ ਨਹੀਂ ਸੀ ਕੀਤਾ; ਉਸ ਨੇ ਸਿਰਫ ਸੁੱਕੀ ਭੂਮੀ ਤੇ ਸਹੀ ਸਲਾਮਤ ਪਹੁੰਚਾਉਣ ਦਾ ਵਾਅਦਾ ਕੀਤਾ ਸੀ।" ਪੌਲੁਸ ਜਾਣਦਾ ਸੀ ਕਿ ਪ੍ਰਚਾਰ ਕਦੇ ਨਾ ਕਦੇ ਉਸ ਦੇ ਲਈ ਨਿੱਜੀ ਦੁਖ ਨੂੰ ਲੈ ਕੇ ਆਵੇਗਾ, ਪਰ ਉਸ ਨੇ ਖੁਦ ਨੂੰ ਇਸ ਯੋਗ ਸਮਝਿਆ।

*ਧੀਰਜ ਵਾਲਾ ਬੰਦਾ।* ਸਹਿਣਸ਼ੀਲਤਾ ਜ਼ਰੂਰੀ ਹੈ। ਪੌਲੁਸ ਦਾ ਇਰਾਦਾ ਪੱਕਾ ਸੀ। ਸਤਾਓ, ਸ਼ਰਮਿੰਦਗੀ, ਤੁੱਛ ਸਮਝੇ ਜਾਣ ਅਤੇ ਕੁੱਟ ਮਾਰ ਨੇ ਉਹ ਨੂੰ ਉਸ ਦੇ ਇਰਾਦੇ ਵਿੱਚ ਮੱਠਾ ਨਹੀਂ ਪੈਣ ਦਿੱਤਾ।

ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਪਰਮੇਸ਼ੁਰ ਨੇ ਉਸ ਨੂੰ ਸਫ਼ਲਤਾ ਦਿੱਤੀ! ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਤੋਂ, ਸਿਰਫ ਪੜ੍ਹੇ ਲਿਖੇ ਹੋਣ, ਲੋਕਾਂ ਵਿੱਚ ਬੋਲਣ ਦੀ ਕਲਾ ਹੋਣ ਅਤੇ ਵਚਨ ਦਾ ਗਿਆਨ ਹੋਣ ਦੇ ਨਾਲ-ਨਾਲ ਇੱਕ ਪ੍ਰਚਾਰਕ ਹੋਣ ਵਿਚ ਹੋਰ ਵੀ ਬਹੁਤ ਕੁਝ ਸ਼ਾਮਲ ਹੈ। ਇਹ ਗੁਣ ਤਾਂ ਹੋਣੇ ਹੀ ਚਾਹੀਦੇ ਹਨ ਪਰ ਇਸ ਦੇ ਨਾਲ-ਨਾਲ ਸਾਨੂੰ ਸਤਾਓ ਦੇ ਦੁਖ ਦਾ ਸਾਹਮਣਾ ਕਰਨ ਵਿੱਚ ਵੀ ਸਮਰੱਥ ਹੋਣਾ ਚਾਹੀਦਾ ਹੈ। EC

### **ਸੇਵਕ ਹੋਣ ਦੇ ਨਾਲ-ਨਾਲ ਸਿੱਖਿਆ ਦੇਣ ਵਾਲੇ (2:1-12)**

ਇਸ ਪੱਤ੍ਰੀ ਵਿੱਚ 2 ਅਧਿਆਇ ਦਾ ਪਹਿਲਾ ਭਾਗ ਪੌਲੁਸ, ਸੀਲਾਸ ਅਤੇ ਤਿਮੋਥਿਉਸ ਦੀ ਫੇਰੀ ਤੇ ਕੇਂਦਰਿਤ ਹੈ। ਪੌਲੁਸ ਥੱਸਲੁਨੀਕੀਆਂ ਨੂੰ ਇਹ ਚੇਤੇ ਕਰਾਉਣ ਲਈ ਉਤਸੁਕ ਸੀ ਕਿ ਉਨ੍ਹਾਂ ਵਿਚਕਾਰ ਵਿਕਸਤ ਹੋਏ ਰਿਸ਼ਤੇ ਤੋਂ ਕੀ ਸਿੱਖਿਆ ਜਾ ਸਕਦਾ ਸੀ ਜਦੋਂ ਉਹ ਇਕੱਠੇ ਸਨ। ਸਿੱਖਿਆ ਦੇਣ ਵਾਲੇ ਦੇ ਚਰਿੱਤਰ ਦਾ ਨਕਾਰਾਤਮਕ ਤੌਰ ਤੇ ਅਤੇ ਫਿਰ ਸਕਾਰਾਤਮਕ ਤੌਰ ਤੇ ਵਰਣਨ ਕੀਤਾ ਗਿਆ ਹੈ, ਤਾਂ ਕਿ ਇਹ ਜਵਾਨ ਮਸੀਹੀ ਲੋਕ ਇਹ

ਸਿੱਖਣ ਕਿ ਖੁਸ਼ਖ਼ਬਰੀ ਦਾ ਉਦਾਹਰਣ ਦੇਣਾ ਅਤੇ ਖੁਸ਼ਖ਼ਬਰੀ ਨੂੰ ਸੁਣਾਉਣਾ ਹਰੇਕ ਮਸੀਹੀ ਦੀ ਜ਼ਿੰਮੇਵਾਰੀ ਹੈ।

2:1–12 ਵਿੱਚ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਪੌਲੁਸ ਘਮੰਡ ਕਰ ਰਿਹਾ ਹੋਵੇ; ਪਰ ਜੇਕਰ ਅਸੀਂ ਨੇੜਿਓਂ ਜਾਂਚ ਕਰੀਏ ਤਾਂ ਇਹ ਵਿਖਾਉਂਦਾ ਹੈ ਕਿ ਇਸ ਭਾਗ ਦਾ ਉਦੇਸ਼ ਸੰਬੰਧਾਂ, ਰਵੱਈਆਂ ਅਤੇ ਉਦੇਸ਼ਾਂ ਨੂੰ ਜਾਂਚਣਾ ਸੀ। ਕਿਉਂ? ਉਹ ਇਨ੍ਹਾਂ ਨੌਜਵਾਨ ਮਸੀਹੀ ਲੋਕਾਂ ਨੂੰ ਉੱਨਤੀ ਕਰਨ ਦੇ ਲਈ ਹੱਲਾਸ਼ੇਰੀ ਅਤੇ ਪ੍ਰੇਰਣਾ ਦੇਣਾ ਚਾਹੁੰਦਾ ਸੀ। ਇਹ ਆਇਤਾਂ ਸਾਨੂੰ ਆਪਣੇ ਖੁਦ ਦੇ ਉਦੇਸ਼ਾਂ, ਰਵੱਈਆਂ ਅਤੇ ਸੰਬੰਧਾਂ ਨੂੰ ਵੀ ਜਾਂਚਣ ਅਤੇ ਉਨ੍ਹਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੀਆਂ ਹਨ।

*ਸਾਡਾ ਉਦੇਸ਼ ਪਰਮੇਸ਼ੁਰ ਦੀ ਸੇਵਾ ਕਰਨਾ ਹੈ* (2:1–3)। ਕਿਹੜੀ ਚੀਜ਼ ਦੂਜਿਆਂ ਨਾਲ ਸਾਡੇ ਸੰਬੰਧ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ? ਜਦੋਂ ਇਹ ਪ੍ਰਚਾਰਕ ਪਹਿਲੀ ਵਾਰ ਥੱਸਲੁਨੀਕੇ ਵਿੱਚ ਆਏ, ਉਨ੍ਹਾਂ ਨੂੰ ਸਭ ਕੁਝ ਮੁਸ਼ਕਲ ਹਾਲਾਤਾਂ ਵਿੱਚ ਕਰਨਾ ਪਿਆ; ਪਰ ਉਨ੍ਹਾਂ ਦਾ ਆਉਣਾ ਇੱਕ ਵੱਡੀ ਬਰਕਤ ਸਾਬਤ ਹੋਇਆ। ਉਨ੍ਹਾਂ ਦਾ ਆਉਣਾ "ਅਕਾਰਥ" ਜਾਂ "ਬੇਕਾਰ" ਨਹੀਂ ਸੀ। ਆਇਤ 1 ਸਾਨੂੰ ਨਵੀਂ ਥਾਂ ਨੂੰ "ਸਭਨਾਂ ਦਾ ਭਲਾ ਕਰਨ ਪਰ ਨਿੱਜ ਕਰਕੇ ਨਿਹਚਾਵਾਨਾਂ ਦਾ ਭਲਾ ਕਰਨ" (ਗਲਾਤੀਆਂ 6:10) ਦੇ ਲਈ ਇੱਕ ਵੱਡੇ ਮੌਕੇ ਵਜੋਂ ਸਮਝਣ ਦੇ ਲਈ ਉਤਸ਼ਾਹਿਤ ਕਰਦੀ ਹੈ। ਜੇਕਰ ਅਸੀਂ ਸਕਾਰਾਤਮਕ ਰੂਪ ਵਿੱਚ, ਮੁਸਕਰਾ ਕੇ, ਧੰਨਵਾਦੀ ਭਾਸ਼ਾ ਅਤੇ ਮਦਦਗਾਰ ਕੰਮ ਨਾਲ ਸ਼ੁਰੂਆਤ ਕਰਦੇ ਹਾਂ ਤਾਂ ਅਸੀਂ ਇਹੋ ਜਿਹੇ ਪ੍ਰਭਾਵ ਪਾ ਸਕਦੇ ਹਾਂ ਜੋ ਲੰਬੇ ਸਮੇਂ ਤੱਕ ਕਾਇਮ ਰਹਿਣਗੇ। ਜੇਕਰ ਅਸੀਂ ਆਪਣੇ ਉਦੇਸ਼ ਨੂੰ ਜਾਣਦੇ ਹਾਂ–ਅਰਥਾਤ ਕਿਸੇ ਵੀ ਹਲਾਤਾਂ ਵਿਚ ਪਰਮੇਸ਼ਰ ਦੀ ਸੇਵਾ ਕਰਨ ਦੇ ਉਦੇਸ਼ ਨੂੰ-ਤਾਂ ਸਾਡਾ ਆਉਣ ਕਦੇ ਵੀ "ਅਕਾਰਥ" ਨਹੀਂ ਹੋਵੇਗਾ।

ਅਸੀਂ ਮੌਕਿਆਂ ਦਾ ਫਾਇਦਾ ਨਾ ਉਠਾਉਣ ਦੇ ਲਈ ਹਮੇਸ਼ਾ ਕੋਈ ਨਾ ਕੋਈ ਕਾਰਣ ਲੱਭ ਸਕਦੇ ਹਾਂ। ਅਸਫ਼ਲਤਾ ਦਾ ਡਰ ਜਾਂ ਵਿਰੋਧੀ ਦਾ ਡਰ ਅਕਸਰ ਸਾਨੂੰ ਉਹ ਕਰਨ ਤੋਂ ਰੋਕਦਾ ਹੈ ਜੋ ਅਸੀਂ ਕਰ ਸਕਦੇ ਹਾਂ। ਆਇਤ 2 ਆਇਤ 1 ਦੇ ਹਾਲਾਤਾਂ ਦੀ ਵਿਆਖਿਆ ਕਰਦੀ ਹੈ। ਫ਼ਿਲਿੱਪੈ ਵਿੱਚ ਸਿੱਖਿਆ ਦੇਣ ਵਾਲਿਆਂ ਨੇ "ਦੁਖ" ਅਤੇ "ਅਪਜਸ" ਝੱਲਿਆ ਸੀ। ਰਸੂਲਾਂ ਦੇ ਕਰਤੱਬ 16:19–23 ਦੱਸਦੀ ਹੈ ਕਿ ਉਨ੍ਹਾਂ ਨਾਲ ਕੀਤੇ ਗਏ ਬੁਰੇ ਵਿਹਾਰ ਵਿੱਚ ਉਨ੍ਹਾਂ ਨੂੰ ਫੜਨਾ, ਹਾਕਮਾਂ ਦੇ ਕੋਲ ਖਿੱਚ ਕੇ ਲੈ ਕੇ ਜਾਣਾ, ਕੁੱਟਿਆ ਜਾਣਾ ਅਤੇ ਫਿਰ ਕੈਦਖ਼ਾਨੇ ਵਿੱਚ ਸੁੱਟਣਾ ਅਤੇ ਪੈਰੀਂ ਕਾਠ ਠੋਕਣਾ ਸ਼ਾਮਲ ਸੀ।

ਅੱਜ ਜੇਕਰ ਸਾਡੇ ਨਾਲ ਇਨ੍ਹਾਂ ਵਿੱਚੋਂ ਕਿਸੇ ਇੱਕ ਤਰੀਕੇ ਨਾਲ ਵੀ ਵਿਹਾਰ ਕੀਤਾ ਜਾਂਦਾ ਹੈ ਤਾਂ ਸਾਨੂੰ ਬਹੁਤ ਜ਼ਿਆਦਾ ਹਮਦਰਦੀ ਮਿਲੇਗੀ, ਕੁਝ ਮੁਆਵਜ਼ਾ ਵੀ ਮਿਲੇਗਾ ਅਤੇ ਅਰਾਮ ਕਰਨ ਅਤੇ ਪੂਰੀ ਤਰ੍ਹਾਂ ਠੀਕ ਹੋਣ ਦੇ ਲਈ ਘੱਟੋ-ਘੱਟ ਕੁਝ ਹਫਤਿਆਂ ਦੀ ਛੁੱਟੀ ਵੀ ਮਿਲੇਗੀ। ਅਸੀਂ ਇਹ ਵੀ ਸਮਝ ਸਕਦੇ ਹਾਂ ਕਿ ਇਨ੍ਹਾਂ ਲੋਕਾਂ ਨੇ ਇਨ੍ਹਾਂ ਹਾਲਾਤਾਂ ਵਿੱਚ ਹਾਰ ਮੰਨੀ ਸੀ ਜਾਂ ਨਹੀਂ।

ਫ਼ਿਲਿੱਪੈ ਤੋਂ ਅਮਫ਼ਿਪੁਲਿਸ ਅਤੇ ਅਪੁੱਲੋਨਿਯਾ ਦੇ ਵਿੱਚੋਂ ਦੀ ਲੰਘ ਕੇ ਥੱਸਲੁਨੀਕੇ ਨੂੰ ਆਏ ਇਨ੍ਹਾਂ ਪ੍ਰਚਾਰਕਾਂ ਨੇ ਯਹੂਦੀ ਸਮਾਜ ਵਿੱਚ ਮਸੀਹ ਬਾਰੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਸੀ (ਰਸੂਲਾਂ ਦੇ ਕਰਤੱਬ 17:1–3)। ਇਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਦਾ ਵਿਰੋਧ ਬਹੁਤ-"ਬਹੁਤ ਜ਼ਿਆਦਾ ਵਿਰੋਧ"-ਹੋਇਆ ਪਰ ਉਨ੍ਹਾਂ ਨੇ ਪ੍ਰਚਾਰ ਕਰਨਾ ਜਾਰੀ ਰੱਖਿਆ! ਉਨ੍ਹਾਂ ਦੀਆਂ ਮੁਸ਼ਕਲਾਂ ਵਿਰੋਧ ਕਰਨ ਵਾਲੇ ਕੁਝ ਵਿਰੋਧੀਆਂ ਨਾਲ ਨਜਿੱਠਣ ਤੋਂ ਕਿਤੇ ਪਰੇ

ਸਨ। ਅਨੁਵਾਦ ਕੀਤੇ ਗਏ ਸ਼ਬਦ "ਅਪਜਸ" ਅਤੇ "ਬਹੁਤ ਝਗੜੇ ਰਗੜੇ" ਗਾਲਾਂ ਕੱਢਣ, ਜੱਦੋ-ਜਹਿਦ, ਵਿਰੋਧ ਅਤੇ ਸਗੋਂ ਦੁੱਖ ਦਾ ਵਿਚਾਰ ਪੇਸ਼ ਕਰਦੇ ਹਨ! ਜਿਹੜੇ ਥੱਸਲੁਨੀਕੇ ਵਿੱਚ ਮਸੀਹੀ ਲੋਕਾਂ ਨੂੰ ਸਤਾਅ ਰਹੇ ਸਨ ਉਨ੍ਹਾਂ ਵਿਚੋਂ ਕੁਝ ਨੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦਾ ਇੰਨਾ ਜ਼ਿਆਦਾ ਦ੍ਰਿੜ ਸੰਕਲਪ ਕੀਤਾ ਸੀ ਕਿ ਉਨ੍ਹਾਂ ਨੇ ਸੱਠ ਮੀਲ ਦੂਰ ਬਰਿਯਾ ਤੀਕ ਆਪਣੇ ਸਿੱਖਿਆ ਦੇਣ ਵਾਲਿਆਂ ਦਾ ਪਿੱਛਾ ਕੀਤਾ ਕਿ ਉੱਥੇ ਪਰੇਸ਼ਾਨੀ ਖੜ੍ਹੀ ਕਰਨ (ਵੇਖੋ ਰਸੂਲਾਂ ਦੇ ਕਰਤੱਬ 17:13)।

ਮੁਸ਼ਕਲ ਹਾਲਾਤਾਂ ਵਿੱਚ ਅਸੀਂ ਨਿਰਾਸ਼ ਹੋ ਸਕਦੇ ਹਾਂ! ਹੋ ਸਕਦਾ ਹੈ ਕਿ ਅਸੀਂ ਹਾਰ ਵੀ ਮੰਨ ਲਈਏ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਇਨ੍ਹਾਂ ਚੁਣੌਤੀਆਂ ਨੂੰ ਉਸ ਤਰ੍ਹਾਂ ਦਾ ਜੀਵਨ ਜੀਉਣ ਲਈ ਵਾਧੂ ਮੌਕਿਆਂ ਵਜੋਂ ਵੇਖੀਏ ਜਿਸ ਤਰ੍ਹਾਂ ਦਾ ਜੀਵਨ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਜੀਵੀਏ। ਉਹ ਪਰਮੇਸ਼ੁਰ ਦਾ ਆਦਰ ਕਰਨ, ਚੰਗੇ ਨਮੂਨੇ ਵਿਖਾਉਣ ਅਤੇ ਦੂਜਿਆਂ ਨੂੰ ਜਿਹੜੇ ਦੁੱਖ ਝੱਲ ਰਹੇ ਹਨ ਉਸੇ ਤਰੀਕੇ ਨਾਲ ਉਤਸ਼ਾਹਿਤ ਕਰਨ ਦੇ ਲਈ ਵਾਧੂ ਮੌਕੇ ਹਨ।

ਗਲਤ ਉਦੇਸ਼ ਨਾਲ ਸਹੀ ਕੰਮ ਕਰਨਾ ਸੰਭਵ ਹੈ, ਪਰ ਪਰਮੇਸ਼ੁਰ ਪੂਰੀ ਤਸਵੀਰ ਨੂੰ ਵੇਖਦਾ ਹੈ। ਜੇਕਰ ਸਾਡੇ ਦਿਲ ਗਲਤ ਹਨ, ਤਾਂ ਸਾਡੇ ਕੰਮ ਪਾਖੰਡੀਆਂ ਵਾਲੇ ਹਨ। ਸਾਡੇ ਲਈ ਆਪਣੇ ਉਦੇਸ਼ਾਂ ਨੂੰ ਜਾਂਚਣਾ ਅਤੇ ਆਪਣੇ ਚੰਗੇ ਇਰਾਦਿਆਂ ਬਾਰੇ ਲੋਕਾਂ ਨੂੰ ਦੱਸਣਾ ਚੰਗਾ ਹੈ। ਇਹ ਪ੍ਰਚਾਰਕ ਐਲਾਨ ਕਰ ਰਹੇ ਸਨ ਕਿ ਉਨ੍ਹਾਂ ਦੇ ਇਰਾਦੇ ਸੱਚੇ ਅਤੇ ਜ਼ਾਹਰ ਹਨ (2:3)। ਉਹ ਚੰਗੇ ਰੁਤਬੇ ਦੀ ਕਦਰ ਕਰਦੇ ਸਨ ਕਿਉਂਕਿ ਉਨ੍ਹਾਂ ਨੇ ਉਸ ਨੁਕਸਾਨ ਨੂੰ ਪਛਾਣ ਲਿਆ ਸੀ ਜੋ ਇੱਕ ਸਿਖਾਉਣ ਵਾਲੇ ਦੇ ਜੀਵਨ ਵਿੱਚ "ਧੋਖੇ," "ਅਸ਼ੁੱਧਤਾ" ਅਤੇ "ਛਲ" ਦੁਆਰਾ ਪਹੁੰਚਾਇਆ ਜਾ ਸਕਦਾ ਸੀ। ਤੁਲਨਾ ਵਿੱਚ, ਉਹ ਧਰਮੀ ਜੀਵਨ ਦੇ ਨਮੂਨੇ ਦੇ ਵੱਡੇ ਮਹੱਤਵ ਨੂੰ ਵੀ ਜਾਣਦੇ ਸਨ।

ਪਰਮੇਸ਼ੁਰ ਸਾਡੇ ਕੰਮਾਂ ਬਾਰੇ ਚਿੰਤਤ ਹੈ, ਪਰ ਸਭ ਤੋਂ ਪਹਿਲਾਂ ਉਹ ਸਾਡੇ ਦਿਲ ਬਾਰੇ ਚਿੰਤਤ ਹੈ-ਇਸ ਦੇ ਰਵੱਈਆਂ, ਉਦੇਸ਼ਾਂ ਅਤੇ ਇਰਾਦਿਆਂ ਬਾਰੇ। ਆਰੰਭਕ ਕਲੀਸੀਆ ਵਿੱਚ ਕੁਝ ਲੋਕਾਂ ਦੇ ਖੁਸ਼ਖ਼ਬਰੀ ਪ੍ਰਚਾਰ ਕਰਨ ਦੇ ਬਾਰੇ ਝੂਠੇ ਉਦੇਸ਼ ਸਨ (ਫਿਲਿੱਪੀਆਂ 1:15–17)। ਪੌਲੁਸ ਸੱਚੇ ਮਨ ਨਾਲ ਇਹ ਕਹਿ ਸਕਦਾ ਸੀ ਕਿ ਜਿਨ੍ਹਾਂ ਨੇ ਉਸ ਦੇ ਸੰਦੇਸ਼ ਨੂੰ ਸੁਣਿਆ ਸੀ ਉਸ ਨੂੰ ਉਨ੍ਹਾਂ ਵੱਲੋਂ ਵਡਿਆਈ ਜਾਂ ਪੈਸੇ ਲੈਣ ਵਿੱਚ ਕੋਈ ਦਿਲਚਸਪੀ ਨਹੀਂ ਸੀ (2:6, 9)।

ਬਾਕੀ ਲੋਕ ਆਪਣੇ ਉਦੇਸ਼ਾਂ ਬਾਰੇ ਨਿਸ਼ਚਿਤ ਨਹੀਂ ਹੋ ਸਕਦੇ, ਪਰ ਪਰਮੇਸ਼ੁਰ ਜਾਣਦਾ ਹੈ। ਇਸ ਲਈ, ਮਸੀਹੀ ਹੋਣ ਦੇ ਨਾਤੇ ਆਪਣੀ ਉੱਨਤੀ ਦਾ ਸਭ ਤੋਂ ਮਹੱਤਵਪੂਰਣ ਹਿੱਸਾ ਆਪਣੇ ਉਦੇਸ਼ਾਂ ਨੂੰ ਜਾਂਚਣਾ ਹੈ। ਦੂਜੇ ਲੋਕ ਬੜੀ ਅਸਾਨੀ ਨਾਲ ਜਾਂ ਬੜੀ ਕਠੋਰਤਾਈ ਨਾਲ ਸਾਡਾ ਨਿਆਂ ਕਰ ਸਕਦੇ ਹਨ, ਪਰ ਪਰਮੇਸ਼ੁਰ ਹਮੇਸ਼ਾ ਸਾਡਾ ਮੁਲਾਂਕਣ ਬਿਲਕੁਲ ਸਹੀ-ਸਹੀ ਕਰੇਗਾ।

ਜਿਸ ਤਰੀਕੇ ਨਾਲ ਅਸੀਂ ਆਪਣੇ ਜੀਵਨ ਜੀਉਂਦੇ ਹਾਂ ਉਸ ਦੇ ਲਈ ਅਸੀਂ ਜੋ ਕਾਰਣ ਦਿੰਦੇ ਹਾਂ ਪਰਮੇਸ਼ੁਰ ਉਨ੍ਹਾਂ ਨੂੰ ਕਿਵੇਂ ਵੇਖਦਾ ਹੈ? ਆਪਣੇ ਉਦੇਸ਼ਾਂ ਤੇ ਪਰਮੇਸ਼ੁਰ ਦੇ ਮੁਲਾਂਕਣ ਨੂੰ ਰੱਖਣਾ ਮੁਸ਼ਕਲ ਹੈ ਕਿਉਂਕਿ ਮਨੁੱਖੀ ਮੁਲਾਂਕਣ ਵਿਗਨ ਪਾਉਂਦੇ ਹਨ। ਜੇਕਰ ਕੋਈ ਸਾਡੀ ਆਲੋਚਨਾ ਨਹੀਂ ਕਰ ਰਿਹਾ ਹੈ, ਅਸੀਂ ਸੁਭਾਵਕ ਤੌਰ ਤੇ ਇਹ ਮੰਨਦੇ ਹਾਂ ਕਿ ਅਸੀਂ ਬਹੁਤ ਵਧੀਆ ਕੰਮ ਕਰ ਰਹੇ ਹਾਂ। ਜੇਕਰ ਬਹੁਤ ਸਾਰੇ ਲੋਕ ਸਾਡੀ ਆਲੋਚਨਾ ਕਰ ਰਹੇ ਹਨ,

ਅਸੀਂ ਅਸਾਨੀ ਨਾਲ ਬੁਰਾ ਮਨਾ ਲੈਂਦਾ ਹਾਂ। ਕੁਝ ਲੋਕਾਂ ਦੇ ਲਈ, ਆਲੋਚਨਾ ਅਸਫ਼ਲਤਾ ਦੇ ਬਰਾਬਰ ਹੁੰਦੀ ਹੈ। ਮਸੀਹੀ ਹੋਣ ਦੇ ਨਾਤੇ, ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਨੂੰ ਅਤੇ ਸਾਡੇ ਉਦੇਸ਼ਾਂ ਨੂੰ ਜਾਣਦਾ ਹੈ।

*ਮਸੀਹੀਆਂ ਦੀ ਦੇਖਭਾਲ ਵਿੱਚ ਸਾਡੀ ਭੂਮਿਕਾ* (2:4–11)। ਥੱਸਲੁਨੀਕੇ ਵਿੱਚ ਆਏ ਸਿੱਖਿਅਕਾਂ ਦੇ ਚਰਿੱਤਰ ਦੇ ਗਵਾਹ ਥੱਸਲੁਨੀਕੀਆਂ ਦੀ ਕਲੀਸੀਆ ਅਤੇ ਪਰਮੇਸ਼ੁਰ ਸਨ। ਪਰਮੇਸ਼ੁਰ ਨੇ ਉਨ੍ਹਾਂ ਨੂੰ ਇੰਜੀਲ ਸੌਂਪਣ ਦੇ ਦੁਆਰਾ ਉਨ੍ਹਾਂ ਦਾ ਸਮਰਥਨ ਕੀਤਾ (2:4)। ਥੱਸਲੁਨੀਕੇ ਵਿੱਚ ਉਨ੍ਹਾਂ ਦੀ ਪਹਿਲੀ ਯਾਤਰਾ ਦੇ ਦੌਰਾਨ ਹੀ ਥੱਸਲੁਨੀਕੀਆਂ ਦੇ ਲੋਕ ਇਸ ਗੱਲ ਨੂੰ ਸਮਝਣ ਦੇ ਯੋਗ ਹੋ ਗਏ ਸਨ ਕਿ ਇਹ ਸਿੱਖਿਅਕ ਕਿਸ ਕਿਸਮ ਦੇ ਆਦਮੀ ਹਨ। ਇਹ ਆਇਤਾਂ ਇੱਕ ਦੇਖਭਾਲ ਕਰਨ ਵਾਲੇ ਸਿੱਖਿਅਕ ਜਾਂ ਚਰਚ ਦੇ ਆਗੂ ਦੇ ਵਿਸ਼ੇ ਵਿੱਚ ਕੀ ਕਹਿੰਦੀਆਂ ਹਨ?

ਸਭ ਤੋਂ ਪਹਿਲਾਂ, ਦੇਖਭਾਲ ਵਿੱਚ ਚਾਪਲੂਸੀ ਸ਼ਾਮਲ ਨਹੀਂ ਹੁੰਦੀ ਹੈ (ਆਇਤਾਂ 5, 6)। ਪੌਲੁਸ, ਸੀਲਾਸ, ਅਤੇ ਤਿਮੋਥਿਉਸ ਨੇ ਨਾ ਤਾਂ ਆਪਣੇ ਸੁਣਨ ਵਾਲਿਆਂ ਦੀ ਪ੍ਰਸ਼ੰਸਾ ਕਰਕੇ ਉਨ੍ਹਾਂ ਦੇ ਕੋਲੋਂ ਵਿਅਕਤੀਗਤ ਪ੍ਰਸ਼ੰਸਾ ਹਾਸਲ ਕਰਨ ਦੇ ਲਈ ਪ੍ਰਚਾਰ ਕੀਤਾ, ਨਾ ਹੀ ਉਨ੍ਹਾਂ ਨੇ ਲਾਲਚ ਨੂੰ ਪੂਰਾ ਕਰਨ ਦੇ ਲਈ ਪੈਸਾ ਹਾਸਲ ਕਰਨ ਦੀ ਕੋਸ਼ਿਸ਼ ਹੀ ਕੀਤੀ। ਪੌਲੁਸ ਨਹੀਂ ਚਾਹੁੰਦਾ ਸੀ ਕਿ ਸੁਣਨ ਵਾਲੇ ਸੰਦੇਸ਼ ਦੇ ਪ੍ਰਦਰਸ਼ਨ ਦੇ ਦੁਆਰਾ ਬਿਲਕੁਲ ਵੀ ਪ੍ਰਭਾਵਿਤ ਹੋਣ, ਸਗੋਂ ਸਿਰਫ ਸੰਦੇਸ਼ ਤੋਂ। ਪ੍ਰਤਿਭਾਸ਼ਾਲੀ ਪ੍ਰੇਰਣਾ, ਮਹਾਨ ਭਾਸ਼ਣ ਕਲਾ, ਅਤੇ ਇੱਕ ਪ੍ਰਭਾਵਸ਼ਾਲੀ ਸ਼ਬਦਾਵਲੀ ਨੂੰ ਸੱਚ ਦੇ ਨਾਲ ਨਾਲ ਝੂਠ ਨੂੰ ਪ੍ਰਫੁੱਲਤ ਕਰਨ ਦੇ ਲਈ ਵੀ ਇਸਤੇਮਾਲ ਕੀਤਾ ਜਾ ਸਕਦਾ ਸੀ। ਪੌਲੁਸ ਇਸ ਗੱਲ ਨੂੰ ਯਕੀਨੀ ਬਣਾਉਣਾ ਚਾਹੁੰਦਾ ਸੀ ਕਿ ਇਹ ਸਿਰਫ ਪਰਮੇਸ਼ੁਰ ਦੇ ਵਚਨ ਦੀ ਸਾਦਗੀ ਅਤੇ ਪਰਮੇਸ਼ੁਰ ਦੇ ਵਚਨ ਦੀ ਸਟੀਕਤਾ ਹੋਣੀ ਚਾਹੀਦੀ ਹੈ ਜੋ ਸੁਣਨ ਵਾਲਿਆਂ ਨੂੰ ਪ੍ਰਭਾਵਿਤ ਕਰੇ।

ਪੌਲੁਸ ਅਤੇ ਉਸ ਦੇ ਨਾਲ ਦੇ ਕਰਮਚਾਰੀਆਂ ਨੇ, ਬੁਲਾਰਿਆਂ ਦੇ ਪ੍ਰਤਿ ਸੁਣਨ ਵਾਲਿਆਂ ਉੱਤੇ ਕੋਈ ਝੂਠਾ ਪ੍ਰਭਾਵ ਨਾ ਪਾਉਂਦਿਆਂ ਹੋਇਆਂ ਥੱਸਲੁਨੀਕੇ ਦੇ ਲੋਕਾਂ ਦੇ ਸਾਹਮਣੇ ਸਧਾਰਣ ਰੀਤਿ ਦੇ ਨਾਲ ਸੱਚ ਨੂੰ ਪੇਸ਼ ਕੀਤਾ, ਤਾਂ ਕਿ ਉਨ੍ਹਾਂ ਦੇ ਕੋਲ ਇੰਜੀਲ ਦਾ ਪ੍ਰਤਿਉੱਤਰ ਦੇਣ ਦੀ ਬਜਾਇ ਉਨ੍ਹਾਂ ਦੀ ਪ੍ਰਸ਼ੰਸਾ ਕਰਨ ਦਾ ਕੋਈ ਕਾਰਣ ਨਾ ਹੋਵੇ। ਨਾ ਤਾਂ ਅਸੀਂ ਇਹ ਚਾਹੁੰਦੇ ਹਾਂ ਕਿ ਲੋਕ ਇਹ ਕਹਿਣ, "ਵਾਹ, ਕਿੰਨਾ ਮਹਾਨ ਨੇਤਾ ਹੈ!" ਨਾ ਹੀ "ਕਿੰਨੀ ਮਹਾਨ ਪੇਸ਼ਕਸ਼ ਹੈ!" ਪਰ ਇਸਦੀ ਬਜਾਇ, "ਪਰਮੇਸ਼ੁਰ ਵੱਲੋਂ ਕਿੰਨਾ ਮਹਾਨ ਸੰਦੇਸ਼ ਹੈ!" ਸਾਡਾ ਟੀਚਾ ਇਹ ਹੋਣਾ ਚਾਹੀਦਾ ਹੈ ਕਿ ਲੋਕ ਯਿਸੂ ਦੇ ਦੁਆਰਾ ਪ੍ਰਭਾਵਿਤ ਹੋਣ। ਸਾਨੂੰ ਚਾਹੀਦਾ ਹੈ ਕਿ ਅਸੀਂ ਲੋਕਾਂ ਨੂੰ ਉਤਸ਼ਾਹਿਤ ਕਰੀਏ ਕਿ ਉਹ ਮੁਕਤੀਦਾਤੇ ਯਿਸੂ ਨੂੰ ਪ੍ਰਤਿਉੱਤਰ ਦੇਣ, ਨਾ ਕਿ ਸਾਨੂੰ!

ਦੂਸਰਾ, ਦੇਖਭਾਲ ਵਿੱਚ ਨਿਮਰਤਾ ਸ਼ਾਮਲ ਹੁੰਦੀ ਹੈ (ਆਇਤਾਂ 7, 8)। ਜਦੋਂ ਮਸੀਹੀਆਂ ਨੂੰ ਦੂਜਿਆਂ ਦੇ ਨਾਲ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ਕਿਹੋ ਜਿਹੇ ਹੋਣਾ ਚਾਹੀਦਾ ਹੈ? ਪੌਲੁਸ, ਸਿਲਾਸ, ਅਤੇ ਤਿਮੋਥਿਉਸ ਇੱਕ ਛੋਟੇ ਬੱਚੇ ਦੀ ਮਾਂ ਦੇ ਵਾਂਗ ਬਣ ਗਏ ਸਨ। ਕਿੰਨਾ ਮਹਾਨ ਸਬਕ ਸਿੱਖਿਆ ਜਾ ਸਕਦਾ ਹੈ! ਉਸ ਸਾਰੇ ਸਮੇਂ, ਦੇਖਭਾਲ, ਅਤੇ ਧਿਆਨ ਦੇ ਬਾਰੇ ਸੋਚੋ ਜੋ ਇੱਕ ਛੋਟੇ ਬੱਚੇ ਨੂੰ ਦਿੱਤਾ ਜਾਂਦਾ ਹੈ। ਇੱਕ ਮਾਂ ਜਾਂ ਇੱਕ ਨਰਸ ਇੱਕ ਅਜਿਹੇ ਲਾਚਾਰ ਬੱਚੇ ਦੀ ਨਿਰੰਤਰ ਦੇਖਭਾਲ ਕਰਦੀ ਹੈ, ਜੋ ਨਾ ਬੋਲ, ਨਾ ਚੱਲ, ਅਤੇ ਨਾ ਹੀ ਆਪਣੇ ਆਪ ਖਾ ਸਕਦਾ ਹੈ। ਮਾਂ ਉਸ ਦੀ ਹਰ ਇੱਕ ਲੋੜ ਨੂੰ ਦਯਾ ਅਤੇ ਕੋਮਲਤਾ ਦੇ ਨਾਲ

ਪੂਰਾ ਕਰਨਾ ਚਾਹੁੰਦੀ ਹੈ ਤਾਂ ਕਿ ਉਸ ਦੀਆਂ ਲੋੜਾਂ ਪੂਰੀਆਂ ਹੋ ਸਕਣ ਅਤੇ ਉਸ ਦੇ ਨਾਜ਼ੁਕ ਸਰੀਰ ਦੇ ਛੋਟੇ ਤੋਂ ਛੋਟੇ ਹਿੱਸੇ ਨੂੰ ਵੀ ਸੱਟ ਨਾ ਲੱਗੇ। ਪਰਮੇਸ਼ੁਰ ਦੇ ਦੁਆਰਾ ਦਿੱਤਾ ਹੋਇਆ ਇੱਕ ਜੀਵਨ ਉਸ ਦੇ ਹੱਥ ਵਿੱਚ ਹੈ! ਕੀ ਇਹ ਇੱਕ ਪ੍ਰਚਾਰਕ ਵਰਗਾ ਜਾਪਦਾ ਹੈ?

ਕੀ ਸਾਡਾ ਪ੍ਰਚਾਰਕ ਸਿਖਲਾਈ ਦਾ ਉਦੇਸ਼ ਅਜਿਹੇ ਸਿੱਖਿਅਕਾਂ ਨੂੰ ਸਿਖਲਾਈ ਦੇਣਾ ਹੈ ਜੋ "ਸੱਪਾਂ ਵਰਗੇ ਹੁਸ਼ਿਆਰ ਅਤੇ ਕਬੂਤਰਾਂ ਵਰਗੇ ਭੋਲੇ ਹੋਵੋ" (ਮੱਤੀ 10:16)? ਮੈਂ ਇੱਕ ਪ੍ਰਚਾਰਕ ਸਿਖਲਾਈ ਸਕੂਲ ਦੇ ਨਾਲ ਕੰਮ ਕਰਦਾ ਸੀ, ਅਤੇ ਇੱਕ ਪ੍ਰਚਾਰਕ ਨੇ ਇੱਕ ਵਾਰ ਕੁਝ ਗ੍ਰੇਜੁਏਟਾਂ ਦੀ ਉਨ੍ਹਾਂ ਦੇ "ਦਿਆਲੂ," ਹੋਣ ਦੇ ਕਾਰਣ ਇਹ ਕਹਿੰਦੇ ਹੋਏ ਪ੍ਰਸ਼ੰਸਾ ਕੀਤੀ ਕਿ ਇਹ ਪ੍ਰਚਾਰਕਾਂ ਦੀ ਖਾਸ ਲੋੜ ਹੈ (2 ਤਿਮੋਥਿਉਸ 2:25)। ਉਸ ਸਮੇਂ ਤੱਕ ਮੈਂ ਇਸ ਦੇ ਬਾਰੇ ਗੰਭੀਰਤਾ ਦੇ ਨਾਲ ਸੋਚਿਆ ਨਹੀਂ ਸੀ; ਪਰ ਇਹ ਪ੍ਰਚਾਰਕਾਂ ਅਤੇ ਸਿੱਖਿਅਕਾਂ, ਬਜ਼ੁਰਗਾਂ ਅਤੇ ਡੀਕਨਾਂ ਦੀ ਸਿਖਲਾਈ ਵਿੱਚ ਸਾਡੇ ਮਕਸਦਾਂ ਵਿੱਚੋਂ ਇੱਕ ਹੋਣਾ ਚਾਹੀਦਾ ਹੈ। ਜਦੋਂ ਅਸੀਂ ਸ਼ਕਤੀ, ਅਧਿਕਾਰ ਅਤੇ ਹਕੂਮਤ ਨਾਲ ਪ੍ਰਭਾਵਿਤ ਹੋਣ ਲਈ ਪਰਤਾਏ ਜਾ ਰਹੇ ਹਾਂ, ਤਾਂ ਯਿਸੂ ਦੇ ਕੰਮ ਦਾ ਵਿਵਰਣ ਯਾਦ ਕਰੋ: "ਉਹ ਲਿਤਾੜੇ ਹੋਏ ਕਾਨੇ ਨੂੰ ਨਾ ਤੋੜੇਗਾ, ਨਾ ਧੁਖਦੀ ਹੋਈ ਸਣ ਨੂੰ ਬੁਝਾਵੇਗਾ . . ." (ਮੱਤੀ 12:20)।

ਥੱਸਲੁਨੀਕੀਆਂ ਦੇ ਨਾਲ ਜਵਾਨ ਪਰਿਵਾਰਿਕ ਮੈਂਬਰਾਂ ਦੇ ਰੂਪ ਵਿੱਚ ਵਿਹਾਰ ਕਰਨ ਦੇ ਸਮੇਂ, ਪੌਲੁਸ ਅਤੇ ਉਸ ਦੇ ਸਹਿਕਰਮੀਆਂ ਨੇ ਆਪਣੇ ਨਵਜਾਤ "ਬੱਚਿਆਂ" ਦੇ ਨਾਲ "ਮਾਪਿਆਂ" ਦੇ ਮਜ਼ਬੂਤ ਬੰਧਨ ਨੂੰ ਵੇਖਿਆ। ਇਸਦਾ ਵਰਣਨ "ਚਾਹਵੰਦ . . . ਪਿਆਰੇ" ਕੀਤਾ ਗਿਆ ਹੈ ਕਿਉਂਕਿ ਉਹ ਉਨ੍ਹਾਂ ਦੇ ਬਹੁਤ ਹੀ "ਬਹੁਤ ਹੀ ਪਿਆਰੇ" ਬਣ ਗਏ ਸਨ (2:8)।

ਪਰਮੇਸ਼ੁਰ ਚਾਹੁੰਦਾ ਹੈ ਕਿ ਪਰਿਵਾਰਿਕ ਮਿੱਤਰਤਾ ਦਾ ਮਹੌਲ ਨਵੇਂ ਮਸੀਹੀਆਂ ਦਾ ਹਿੱਸਾ ਬਣੇ। ਉਹ ਚਾਹੁੰਦਾ ਸੀ ਕਿ ਉਹ ਪਰਿਵਾਰ ਦਾ, ਭਾਈਚਾਰੇ ਦਾ ਇੱਕ ਹਿੱਸਾ ਬਣ ਜਾਣ। ਜਦੋਂ ਉਨ੍ਹਾਂ ਨੇ ਸੱਚੇ ਪਰਮੇਸ਼ੁਰ ਦੀ ਸੇਵਾ ਕਰਨ ਦੇ ਲਈ ਮੂਰਤੀਪੂਜਾ ਨੂੰ ਛੱਡ ਦਿੱਤਾ ਤਾਂ ਇਹ ਤਜਰਬਾ ਉਨ੍ਹਾਂ ਦੀ ਉਸ ਅਲਗਾਵ ਅਤੇ ਅੱਤਿਆਚਾਰ ਨਾਲ ਨਜਿੱਠਣ ਵਿੱਚ ਮਦਦ ਕਰੇਗਾ ਜੋ ਉਨ੍ਹਾਂ ਦੇ ਆਪਣੇ ਸੰਸਾਰਿਕ ਪਰਿਵਾਰਾਂ ਅਤੇ ਸਮਾਜ ਦੇ ਹੋਰਨਾਂ ਮੈਂਬਰਾਂ ਦੁਆਰਾ ਕੀਤੇ ਜਾਣਗੇ। ਉਨ੍ਹਾਂ ਨੂੰ ਪਰਮੇਸ਼ੁਰ ਦੇ ਪਰਿਵਾਰ ਦਾ ਇੱਕ ਹਿੱਸਾ ਹੋਣ ਦੀ ਖੁਸ਼ੀ ਅਤੇ ਸੁਰੱਖਿਆ ਦਾ ਤਜਰਬਾ ਹੋਵੇਗਾ।

ਤੀਸਰਾ, ਦੇਖਭਾਲ ਵਿੱਚ ਕੰਮ ਸ਼ਾਮਲ ਹੈ (ਆਇਤਾਂ 9–11)। ਕਿਸੇ ਵੀ ਹੋਰ ਮਨੁੱਖ ਦੇ ਵਾਂਗ, ਪ੍ਰਚਾਰਕਾਂ ਅਤੇ ਸਿੱਖਿਅਕਾਂ ਦੀ ਆਲਸੀ ਹੋਣ ਦੇ ਵਿੱਚ ਪਰਖ ਕੀਤੀ ਜਾ ਸਕਦੀ ਹੈ। ਆਇਤ 9 ਇਹ ਵਿਚਾਰ ਦਿੰਦੀ ਹੈ ਕਿ ਇੰਜੀਲ ਦਾ ਪ੍ਰਚਾਰ ਕਰਨ ਦੇ ਲਈ ਵਿਦੇਸ਼ ਦੇ ਸ਼ਹਿਰ ਵਿੱਚ ਜਾਣ ਵਿੱਚ ਸਖ਼ਤ ਮਿਹਨਤ ਸ਼ਾਮਲ ਹੈ-ਅਤੇ ਇਹ ਸੱਚ ਹੈ! ਇੱਥੇ ਖਾਸ ਤੌਰ ਤੇ ਇਹੋ ਮਾਮਲਾ ਸੀ। ਕਿਉਂਕਿ ਇਨ੍ਹਾਂ ਪ੍ਰਚਾਰਕਾਂ ਨੇ ਸਿੱਖਿਆ ਦੇਣ ਦੇ ਸਮੇਂ ਆਪਣੇ ਆਪ ਦੀ ਵਿੱਤੀ ਤੌਰ ਤੇ ਮਦਦ ਕੀਤੀ ਸੀ, ਉਨ੍ਹਾਂ ਦੇ ਕੋਲ ਅਸਲ ਵਿੱਚ ਦੋ ਕੰਮ ਸਨ।

ਪੌਲੁਸ ਸਮਝ ਗਿਆ ਸੀ ਕਿ ਪਰਮੇਸ਼ੁਰ ਨੇ ਇੰਜੀਲ ਪ੍ਰਚਾਰਕਾਂ ਦੇ ਲਈ ਵਿੱਤੀ ਸਹਾਇਤਾ ਦੀ ਪ੍ਰਵਾਨਗੀ ਦਿੱਤੀ ਸੀ (1 ਕੁਰਿੰਥੀਆਂ 9:6, 7; ਫ਼ਿਲਿੱਪੀਆਂ 4:15–17)। ਉਸ ਦੇ ਨਾਲ ਹੀ, ਪ੍ਰਚਾਰਕਾਂ ਨੇ ਇਹ ਮੰਗ ਨਹੀਂ ਕੀਤੀ ਕਿ ਕਲੀਸਿਆ ਉਨ੍ਹਾਂ ਦੀ ਮਦਦ ਕਰੇ। ਉਹ ਥੱਸਲੁਨੀਕੇ ਦੇ ਲੋਕਾਂ ਦੀਆਂ ਹੋਰਨਾਂ ਮੁਸ਼ਕਲਾਂ ਦੇ ਨਾਲ ਨਾਲ ਉਨ੍ਹਾਂ ਉੱਤੇ ਆਪਣੀ ਸਹਾਇਤਾ ਕਰਨ ਦਾ ਬੋਝ ਨਹੀਂ ਪਾਉਣਾ ਚਾਹੁੰਦੇ ਸਨ। ਇਹ ਇੱਕ ਤਰੀਕਾ ਹੈ ਜਿਸ ਦੇ

ਵਿੱਚ ਇਨ੍ਹਾਂ ਕਾਮਿਆਂ ਨੇ ਮਸੀਹੀ ਉਤਸ਼ਾਹ ਦੇ ਲਾਭ ਨੂੰ ਪ੍ਰਦਾਨ ਕਰਵਾਉਣ ਦੇ ਲਈ ਆਪਣੇ ਜੀਵਨ ਦੇ ਦਿੱਤੇ।

ਸਪਸ਼ਟ ਹੈ, ਮਸੀਹੀਆਂ ਨੂੰ ਸਿੱਖਿਅਕਾਂ ਦੀ ਮਦਦ ਕੀਤੇ ਜਾਣ ਦੇ ਅਧਿਕਾਰ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਇੰਜੀਲ ਪ੍ਰਚਾਰ ਦੇ ਲਈ ਉਪਦੇਸ਼ਕਾਂ ਨੂੰ ਮਦਦ ਮਿਲੇ ਜਾਂ ਨਾ ਮਿਲੇ ਪਰ ਉਨ੍ਹਾਂ ਨੂੰ ਸਖਤ ਮੇਹਨਤ ਕਰਨਾ ਸਿੱਖਣਾ ਚਾਹੀਦਾ ਹੈ। ਸਿੱਖਿਆ ਵਿੱਚ ਆਲਸ ਲਈ ਜਾਂ ਕੰਮ ਦੇ ਵਿੱਚ ਲਾਪਰਵਾਹੀ ਦੇ ਇੱਕ ਰਵੱਈਏ ਦੀ ਕੋਈ ਜਗਾ ਨਹੀਂ ਹੈ।

ਬਹੁਤ ਸਾਰੀਆਂ ਨੌਕਰੀਆਂ ਦੇ ਵਿੱਚ ਸਿਖਲਾਈ, ਪ੍ਰਤਿਭਾ, ਅਤੇ ਯੋਗਤਾ ਦੀ ਲੋੜ ਹੁੰਦੀ ਹੈ। ਤੁਸੀਂ ਅਕਸਰ ਵੇਖਦੇ ਹੈ ਕਿ ਇਮਾਨਦਾਰੀ ਅਤੇ ਮੇਹਨਤ ਦਾ ਇੱਕ ਨੌਕਰੀ ਦੀਆਂ ਯੋਗਤਾਵਾਂ ਦੇ ਰੂਪ ਵਿੱਚ ਜ਼ਿਕਰ ਕੀਤਾ ਜਾਂਦਾ ਸੀ? ਸਚਮੁੱਚ ਇਹ ਯੋਗਤਾਵਾਂ ਹਨ ਜੋ ਜੀਵਨ ਦੀ ਕਿਸੇ ਵੀ ਧਰਮੀ ਭੂਮਿਕਾ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੀਆਂ ਹਨ। ਕੁੱਝ ਸੰਸਥਾਵਾਂ ਨੇ ਆਪਣੇ ਕਰਮਚਾਰੀਆਂ ਦੇ ਲਈ ਵਪਾਰ ਵਿੱਚ ਸਿੱਖਿਆ, ਕਲਾ ਅਤੇ ਸਫਲਤਾ ਦੀ ਮੰਗ ਕੀਤੀ ਹੈ 2:10 ਦੀ ਬਾਈਬਲ ਦੀ ਉਦਾਹਰਣ ਨੂੰ ਪੂਰੀ ਤਰ੍ਹਾਂ ਦੇ ਨਾਲ ਨਜ਼ਰਅੰਦਾਜ਼ ਕੀਤਾ ਹੈ: ". . . ਕਿਹੀ *ਪਵਿੱਤਰਤਾਈ* ਅਤੇ *ਧਰਮ* ਅਤੇ *ਨਿਰਦੂਸ਼ਨਾ* ਸਹਿਤ ਤੁਸਾਂ ਨਿਹਚਾਵਾਨਾਂ ਨਾਲ ਸਾਡਾ ਵਰਤਾਰਾ ਸੀ।" (ਜ਼ੋਰ ਦਿੱਤਾ ਗਿਆ ਹੈ।) ਸ਼ਬਦਾਂ ਦੀ ਇਹ ਤਿਗੜੀ ਇੰਨੀ ਮਿਲਦੀ-ਜੁਲਦੀ ਹੈ ਕਿ ਸਾਡੇ ਲਈ ਉਨ੍ਹਾਂ ਦੇ ਵਿਚਕਾਰ ਫਰਕ ਕਰਨਾ ਔਖਾ ਹੋ ਸਕਦਾ ਹੈ। ਅਜਿਹੇ ਸੰਯੋਗਾਂ ਦਾ ਅਰਥ ਆਮ ਤੌਰ ਤੇ ਤਿੰਨ ਵੱਖਰੇ ਵਿਚਾਰ ਨਹੀਂ ਹਨ, ਸਗੋਂ ਇੱਕ ਦੂਜੇ ਨੂੰ ਮਜ਼ਬੂਤ ਬਣਾਉਣਾ ਅਤੇ ਇੱਕ ਮਹੱਤਵਪੂਰਣ ਗੁਣ ਤੇ ਜ਼ੋਰ ਦੇਣਾ ਹੈ।

ਇਹ ਜ਼ਰੂਰੀ ਸੀ ਕਿ ਸਿੱਖਿਅਕ ਇੱਕ ਉੱਚੇ ਦਰਜੇ ਦਾ ਰਵੱਈਆ ਬਣਾਈ ਰੱਖਣ। ਕੋਈ ਵੀ ਕੰਮ ਜੋ ਉਨ੍ਹਾਂ ਨੇ ਕੀਤਾ ਸੀ ਉਸ ਨੂੰ ਪਰਮੇਸ਼ੁਰ ਦੇ ਮਿਆਰ ਅਨੁਸਾਰ ਪੂਰਾ ਕੀਤਾ ਗਿਆ ਸੀ। ਇਸ ਦਾ ਅਰਥ ਇਹ ਨਹੀਂ ਹੈ ਕਿ ਉਨ੍ਹਾਂ ਨੇ ਨਿਆਂ ਦੇ ਵਿੱਚ ਕਦੀ ਵੀ ਗਲਤੀਆਂ ਨਹੀਂ ਕੀਤੀਆਂ ਸਨ ਅਤੇ ਕਦੀ ਵੀ ਪਾਪ ਨਹੀਂ ਕੀਤਾ ਸੀ। ਇਹ ਜਿਸਦਾ ਸੰਕੇਤ ਦਿੰਦਾ ਹੈ ਉਹ ਇਹ ਹੈ ਕਿ ਉਨ੍ਹਾਂ ਨੇ ਆਪਣੇ ਕੰਮ ਵਿੱਚ ਪਰਮੇਸ਼ੁਰ ਦੇ ਮਿਆਰ ਨੂੰ ਲਾਗੂ ਕੀਤਾ ਹੈ ਤਾਂ ਕਿ ਹੀ ਕਿਸੇ ਵੀ ਸਥਿਤੀ ਵਿੱਚ, ਭਾਵੇਂ ਚੰਗੀ ਹੋਵੇ ਜਾਂ ਬੁਰੀ ਹੋਵੇ, ਉਸ ਦੇ ਨਾਲ ਪਰਮੇਸ਼ੁਰ ਦੇ ਤਰੀਕੇ ਦੇ ਨਾਲ ਵਰਤਿਆ ਗਿਆ ਸੀ ਤਾਂ ਕਿ ਪਰਮੇਸ਼ੁਰ ਦੇ ਮਕਸਦਾਂ ਨੂੰ ਪੂਰਾ ਕੀਤਾ ਜਾ ਸਕੇ। ਜਦੋਂ ਪ੍ਰਚਾਰਕ ਚਲੇ ਗਏ, ਤਾਂ ਥੱਸਲੁਨੀਕੇ ਦੇ ਲੋਕ ਕਹਿ ਨਾ ਸਕੇ, "ਇੱਥੇ ਉਹ ਸਮੱਸਿਆਵਾਂ ਹਨ ਜਿਨ੍ਹਾਂ ਨੂੰ ਕਦੀ ਵੀ ਸੰਬੋਧਤ ਨਹੀਂ ਕੀਤਾ ਗਿਆ ਸੀ; ਇੱਥੇ ਉਹ ਪਾਪ ਹਨ ਜਿਨ੍ਹਾਂ ਤੋਂ ਕਦੀ ਵੀ ਤੋਬਾ ਨਹੀਂ ਕੀਤੀ ਗਈ ਸੀ।" ਉਨ੍ਹਾਂ ਦੀ ਪ੍ਰਤਿਸ਼ਠਾ ਦੇ ਵਿਰੁੱਧ ਕੋਈ ਵੀ ਜਾਇਜ਼ ਦੋਸ਼ ਨਹੀਂ ਲਾਇਆ ਜਾ ਸਕਦਾ ਸੀ।

ਆਇਤ 11 ਇਨ੍ਹਾਂ ਸਿੱਖਿਅਕਾਂ ਦੇ ਵਿਹਾਰ ਦੇ ਨਾਲ ਸੰਬੰਧਤ ਇੱਕ ਹੋਰ ਤਿਗੜੀ ਦਾ ਇਸਤੇਮਾਲ ਕਰਦੀ ਹੈ: ". . . ਤੁਸੀਂ ਜਾਣਦੇ ਹੋ ਭਈ ਜਿਵੇਂ ਪਿਤਾ ਆਪਣੇ ਬਾਲਕਾਂ ਨੂੰ ਤਿਵੇਂ ਅਸੀਂ ਤੁਹਾਡੇ ਵਿੱਚੋਂ ਇੱਕ ਇੱਕ ਨੂੰ ਕਿਵੇਂ *ਉਪਦੇਸ਼* ਅਤੇ *ਦਿਲਾਸਾ* ਦਿੰਦੇ ਅਤੇ *ਸਮਝਾਉਂਦੇ* ਰਹੇ।" (ਜ਼ੋਰ ਦਿੱਤਾ ਗਿਆ ਹੈ।) ਇੱਕ ਪਿਤਾ ਪ੍ਰਪੱਕਤਾ ਦੇ ਵੱਲ ਆਪਣੇ ਬੱਚਿਆਂ ਦੀ ਅਗਵਾਈ ਕਰਨ ਦੇ ਲਈ ਸਾਰੀਆਂ ਸੰਭਵ ਹਿਦਾਇਤਾਂ, ਪ੍ਰੇਰਣਾ, ਅਤੇ ਚੇਤਾਵਨੀ ਦੇ ਪ੍ਰਯੋਗ ਕਰੇਗਾ, ਇਸ ਦੇ ਨਾਲ ਨਾਲ ਉਨ੍ਹਾਂ ਨੂੰ ਨਿਰਾਸ਼ ਕਰਨ ਅਤੇ ਉਨ੍ਹਾਂ ਦਾ ਅਪਮਾਨ ਕਰਨ ਤੋਂ ਬਚੇਗਾ (ਅਫ਼ਸੀਆਂ 6:4)। ਜਿਵੇਂ ਬੱਚਿਆਂ ਦੇ ਸਹੀ ਪਾਲਣ ਪੋਸ਼ਣ ਵਿੱਚ ਮਾਤਾ ਪਿਤਾ ਦਾ ਆਪਣੇ ਜੀਵਨਾਂ ਨੂੰ ਦੇਣਾ ਸ਼ਾਮਲ ਹੁੰਦਾ ਹੈ, ਉਸੇ ਪ੍ਰਕਾਰ ਸਹੀ ਪ੍ਰਚਾਰ ਵਿੱਚ ਪ੍ਰਚਾਰਕ ਦੇ

ਜੀਵਨ ਨੂੰ ਇੱਕ ਉਦਾਹਰਣ ਦੇ ਰੂਪ ਵਿੱਚ ਦੇਣਾ ਸ਼ਾਮਲ ਹੈ।

ਉਸੇ ਤਰੀਕੇ ਦੇ ਨਾਲ, ਵਿਦਿਆਰਥੀਆਂ ਨੂੰ ਪ੍ਰਰਿਪੱਕ ਕਰਨ ਵਿੱਚ ਮਦਦ ਕਰਨ ਦੇ ਲਈ ਸਿੱਖਿਅਕਾਂ ਨੂੰ ਨਿਰਦੇਸ਼ਾਂ ਦੇ ਸਾਧਨਾਂ ਨੂੰ ਇਸਤੇਮਾਲ ਕਰਨਾ ਚਾਹੀਦਾ ਹੈ। ਅਸਲ ਵਿੱਚ, ਸਾਰੇ ਮਸੀਹੀਆਂ ਨੂੰ ਬਲੀਦਾਨ ਕਰਨਾ ਅਤੇ ਧੀਰਜ ਦੇ ਨਾਲ ਇੱਕ ਦੂਜੇ ਦੇ ਨਾਲ ਰਿਸ਼ਤਿਆਂ ਵਿੱਚ ਸਿੱਖਿਆ ਦੇਣੀ ਚਾਹੀਦੀ ਹੈ: "ਇਸ ਕਾਰਨ ਤੁਸੀਂ ਇੱਕ ਦੂਏ ਨੂੰ ਤਸੱਲੀ ਦਿਓ ਅਤੇ ਇੱਕ ਦੂਏ ਦੀ ਉੱਨਤੀ ਕਰੋ . . ." (5:11)। ਆਓ ਅਸੀਂ ਉਹ ਮਿਹਨਤੀ, ਧੀਰਜਵਾਨ, ਨਿਰਦੋਸ਼ ਕਰਮਚਾਰੀ ਬਣਨ ਦਾ ਉਦੇਸ਼ ਰੱਖੀਏ ਜਿਨ੍ਹਾਂ ਨੂੰ ਪਰਮੇਸ਼ੁਰ ਆਪਣੇ ਲੋਕਾਂ ਦੀ ਭਲਾਈ ਦੇ ਲਈ ਚਾਹੁੰਦਾ ਹੈ! ਸਾਨੂੰ ਦੇਖਭਾਲ ਕਰਨ ਵਾਲੇ ਮਾਤਾ-ਪਿਤਾ ਦੇ ਵਾਂਗ ਵਿਹਾਰ ਕਰਨਾ ਚਾਹੀਦਾ ਹੈ, ਪਿਆਰ ਕਰਨ ਵਾਲੇ ਪਿਤਾਵਾਂ, ਅਤੇ ਦੇਖਭਾਲ ਕਰਨ ਵਾਲੀਆਂ ਮਾਤਾਵਾਂ ਦੇ ਵਾਂਗ!

*ਪਰਮੇਸ਼ੁਰ ਦੀ ਮਹਿਮਾ ਸਾਡਾ ਉਦੇਸ਼ ਹੈ* (2:12)। ਮਸੀਹੀ ਜੀਵਨ ਦੇ ਦੁਆਰਾ ਮਸੀਹ ਪਰਗਟ ਹੋਣਾ ਚਾਹੀਦਾ ਹੈ। ਨਵਾਂ ਜੀਵਨ ਅਕਸਰ "ਯੋਗ" ਹੋਣ ਦੇ ਵਿਚਾਰ ਨੂੰ ਇਸਤੇਮਾਲ ਕਰਦਾ ਹੈ। 2:12 ਵਿੱਚ ਮਸੀਹੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ "ਤੁਸੀਂ ਪਰਮੇਸ਼ੁਰ ਦੇ ਯੋਗ ਚਾਲ ਚੱਲੋ ਜਿਹੜਾ ਤੁਹਾਨੂੰ . . . ਸੱਦਦਾ ਹੈ।" ਇਸ ਦਾ ਕੀ ਅਰਥ ਹੈ? ਥੱਸਲੁਨੀਕੇ ਦੇ ਲੋਕਾਂ ਨੂੰ ਇਹ ਦਿਖਾਉਣ ਦੇ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਸੀ ਕਿ ਪਰਮੇਸ਼ੁਰ ਨੇ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਮਸੀਹੀਆਂ ਨੂੰ ਉਸ ਤਰੀਕੇ ਦਾ ਵਿਹਾਰ ਕਰਨਾ ਚਾਹੀਦਾ ਹੈ ਜੋ ਇਹ ਪਰਗਟ ਕਰੇ ਕਿ ਪਰਮੇਸ਼ੁਰ ਕਿਹੋ ਜਿਹਾ ਹੈ ਅਤੇ ਉਹ ਆਪਣੇ ਲੋਕਾਂ ਤੋਂ ਕਿਸ ਪ੍ਰਕਾਰ ਦੇ ਜੀਵਨ ਦੀ ਆਸ ਕਰਦਾ ਹੈ।

ਸਿੱਖਣ ਦੀ ਪ੍ਰਕਿਰਿਆ ਕਿ ਪਰਮੇਸ਼ੁਰ ਕਿਹੋ ਜਿਹਾ ਹੈ ਅਤੇ ਉਹ ਕੀ ਚਾਹੁੰਦਾ ਹੈ ਪ੍ਰਰਿਪੱਕਤਾ ਦਾ ਇੱਕ ਹਿੱਸਾ ਹੈ। ਨਵੇਂ ਮਸੀਹੀਆਂ ਤੋਂ ਇਹ ਆਸ ਨਹੀਂ ਕੀਤੀ ਜਾਂਦੀ ਹੈ ਕਿ ਉਹ ਪਰਮੇਸ਼ੁਰ ਦੇ ਵਿਸ਼ੇ ਵਿੱਚ ਅਤੇ ਆਪਣੇ ਜੀਵਨਾਂ ਤੋਂ ਪਰਮੇਸ਼ੁਰ ਦੀ ਇੱਛਾ ਦੇ ਵਿਸ਼ੇ ਵਿੱਚ ਸਭ ਕੁੱਝ ਜਾਣਦੇ ਹੋਣ, ਪਰ ਉਨ੍ਹਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ "ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ" (ਅਫ਼ਸੀਆਂ 5:10)। ਇਸ ਸਿਧਾਂਤ ਨੂੰ ਸਿੱਖਣਾ ਅਤੇ ਲਾਗੂ ਕਰਨਾ ਮਸੀਹੀ ਵਿਕਾਸ ਦਾ ਆਧਾਰ ਹੈ।

ਆਇਤ 12 ਇਹ ਨਹੀਂ ਕਹਿੰਦੀ ਕਿ ਅਸੀਂ ਪਰਮੇਸ਼ੁਰ ਦੇ ਰਾਜ ਜਾਂ ਮਹਿਮਾ ਨੂੰ ਵੰਡਣ ਦੇ ਯੋਗ ਹਾਂ। ਇਹ ਇੱਕ ਵਰਦਾਨ ਹੈ ਜਿਸ ਨੂੰ ਕਦੀ ਵੀ ਕਮਾਇਆ ਨਹੀਂ ਜਾ ਸਕਦਾ ਹੈ। ਇਹ ਸਿਖਾਉਂਦਾ ਹੈ ਕਿ ਸਾਡਾ ਇਰਾਦਾ ਧਰਮੀ ਜੀਵਨ ਜਿਉਣ ਦਾ ਹੈ, ਜੋ ਕਿ ਇੱਕ ਯੋਗ ਇਰਾਦਾ ਹੈ। ਅਸੀਂ ਇੱਕ ਪਰਮੇਸ਼ੁਰ ਦੇ ਲਈ ਧੰਨਵਾਦੀ ਹੋ ਸਕਦੇ ਹਾਂ ਜੋ ਕਿ ਉਦਾਰ ਹੈ ਅਤੇ ਖੁਸ਼ੀ ਦੇ ਨਾਲ ਸਾਡੇ ਵਿੱਚੋਂ ਹਰੇਕ ਦੇ ਨਾਲ ਆਪਣੇ ਰਾਜ ਅਤੇ ਮਹਿਮਾ ਨੂੰ ਸਾਂਝਾ ਕਰ ਸਕਦਾ ਹੈ! ਉਹ ਚਾਹੁੰਦਾ ਹੈ ਕਿ ਅਸੀਂ ਉਸ ਤਰੀਕੇ ਦਾ ਜੀਵਨ ਗੁਜ਼ਾਰੀਏ ਜੋ ਉਸ ਦੇ ਚਰਿੱਤਰ ਨੂੰ ਪਰਗਟ ਕਰੇ। ਕੀ ਲੋਕ ਸਾਡੇ ਅੰਦਰ ਪਰਮੇਸ਼ੁਰ ਨੂੰ ਵੇਖਦੇ ਹਨ?

*ਸਿੱਟਾ।* ਇਸ ਨਾਲ ਕਿੰਨਾ ਵੱਡਾ ਬਦਲਾਵ ਆਵੇਗਾ ਜੇਕਰ ਹਰ ਇੱਕ ਸਿੱਖਿਅਕ ਇਨ੍ਹਾਂ ਆਇਤਾਂ ਦੇ ਸਬਕਾਂ ਨੂੰ ਸਿਖ ਜਾਵੇ! ਆਓ ਅਸੀਂ ਆਪਣੇ ਆਗੂ, ਯਿਸੂ ਦਾ ਪਾਲਣ ਕਰੀਏ, ਅਤੇ ਉਨ੍ਹਾਂ ਦੀ ਉਦਾਹਰਣ ਦਾ ਪਾਲਣ ਕਰੀਏ ਜੋ ਉਸ ਦੇ ਪਿੱਛੇ ਚੱਲਦੇ ਹਨ। ਆਓ ਅਸੀਂ ਸਿੱਖਿਅਕਾਂ ਅਤੇ ਆਗੂਆਂ ਨੂੰ ਉਤਸ਼ਾਹਿਤ ਕਰਨ ਦਾ ਸੰਕਲਪ ਲਈਏ ਕਿ ਉਹ ਆਪਣੇ ਜੀਵਨਾਂ ਦੇ ਨਾਲ ਨਾਲ ਆਪਣੇ ਸਬਕਾਂ ਦੇ ਨਾਲ ਆਪਣੇ ਨਾਲ ਦੇ ਮਸੀਹੀਆਂ ਦੀ ਮਦਦ

ਕਰਨ ਅਤੇ ਇੱਕ ਅਜਿਹਾ ਇਨਸਾਨ ਬਣਨ ਦਾ ਸੰਕਲਪ ਕਰੇ ਜਿਸ ਦਾ ਜੀਵਨ ਯਿਸੂ ਦੇ ਪਿੱਛੇ ਚੱਲਣ ਦੇ ਵਿੱਚ ਦੂਜਿਆਂ ਦੀ ਮਦਦ ਕਰੇ। TP

**ਪੌਲੁਸ ਦਿਲੇਰ ਸੀ (2:2, 3)**

ਪੌਲੁਸ ਇੱਕ ਆਦਰਸ਼ ਮਸੀਹੀ ਸੰਦੇਸ਼ਵਾਹਕ ਸੀ। ਉਹ ਚਾਹੁੰਦਾ ਸੀ ਕਿ "ਹਰ ਗੱਲ ਵਿੱਚ ਮਸੀਹ ਨੂੰ ਪਹਿਲਾ ਸਥਾਨ ਮਿਲੇ" (ਕੁਲੁੱਸੀਆਂ 1:18)। ਉਸ ਨੇ ਆਪਣੀ ਪਾਪ ਭਰੀ ਦਸ਼ਾ ਨੂੰ ਸਵੀਕਾਰ ਕੀਤਾ (1 ਤਿਮੋਥਿਉਸ 1:15)। ਥੱਸਲੁਨੀਕੀਆਂ ਦਾ ਅਧਿਆਇ 1 ਅਤੇ 2 ਦੱਸਦਾ ਹੈ ਕਿ ਪੌਲੁਸ ਕਿਸ ਪ੍ਰਕਾਰ ਦਾ ਸੰਦੇਸ਼ਵਾਹਕ ਸੀ।

ਸਮੇਂ ਸਮੇਂ ਤੇ, ਪੌਲੁਸ ਨੂੰ ਇੱਕ ਦਲੇਰ ਸੰਦੇਸ਼ਵਾਹਕ ਹੋ ਜਾਣਾ ਪੈਂਦਾ ਸੀ। ਹਾਲਾਂਕਿ ਫ਼ਿਲਿੱਪੈ ਵਿੱਚ ਹੋਏ ਦੁਰ ਵਿਹਾਰ ਦੇ ਕਾਰਣ ਉਸ ਕੋਲ ਧੀਰਜ ਦਿਖਾਉਣ ਦਾ ਕਾਰਣ ਹੈ ਸੀ (ਵੇਖੋ ਆਇਤ 2; ਰਸੂਲਾਂ ਦੇ ਕਰਤੱਬ 16:16–24), ਉਸ ਨੇ ਬਚਾਏ ਜਾਣ ਦੇ ਲਈ ਪਰਮੇਸ਼ੁਰ ਤੇ ਭਰੋਸਾ ਰੱਖਿਆ। ਉਹ ਦੂਜੇ ਰਸੂਲਾਂ ਦੇ ਵਰਗਾ ਸੀ, ਜਿਨ੍ਹਾਂ ਨੇ ਕਿਹਾ ਸੀ, "ਮਨੁੱਖਾਂ ਦੇ ਹੁਕਮ ਨਾਲੋਂ ਪਰਮੇਸ਼ੁਰ ਦਾ ਹੁਕਮ ਮੰਨਣਾ ਜਰੂਰੀ ਹੈ" (ਰਸੂਲਾਂ ਦੇ ਕਰਤੱਬ 5:29)।

*ਉਸ ਦਾ ਸੰਦੇਸ਼ ਸਭ ਤੋਂ ਉੱਤਮ ਸੀ।* ਇਹ "ਪਰਮੇਸ਼ੁਰ ਦੀ ਇੰਜੀਲ" ਸੀ, (ਆਇਤ 2)। ਸਵਰਗ ਤੋਂ ਪਰਮੇਸ਼ੁਰ ਦੀ ਖੁਸ਼ ਖਬਰੀ। ਇਹ ਮੁਕਤੀ ਦਾ ਇੱਕ ਸੰਦੇਸ਼ ਸੀ, ਜੋ ਯਿਸੂ ਦੀ ਮੌਤ, ਦਫਨਾਏ ਜਾਣ, ਅਤੇ ਜੀ ਉੱਠਣ ਤੇ ਕੇਂਦ੍ਰਿਤ ਸੀ (ਵੇਖੋ 1 ਕੁਰਿੰਥੀਆਂ 15)। ਕੁਝ ਲੋਕਾਂ ਨੇ ਇੱਕ ਝੂਠੀ ਇੰਜੀਲ ਦਾ ਪ੍ਰਚਾਰ ਕੀਤਾ, ਪਰ ਪੌਲੁਸ ਨੇ ਸਿਰਫ ਸੱਚੇ ਸੰਦੇਸ਼ ਦਾ ਪ੍ਰਚਾਰ ਕੀਤਾ, ਜਿਸ ਵਿੱਚ ਮੁਕਤੀ ਦੇ ਲਈ ਪਰਮੇਸ਼ੁਰ ਦੀ ਸ਼ਕਤੀ ਪਾਈ ਜਾਂਦੀ ਹੈ (ਰੋਮੀਆਂ 1:16)।

*ਉਸ ਦੇ ਜੀਵਨ ਦਾ ਰਵੱਈਆ ਸ਼ੁੱਧ ਸੀ।* ਉਸ ਨੇ ਲਿਖਿਆ, "ਸਾਡਾ ਉਪਦੇਸ਼ ਤਾਂ ਧੋਖੇ ਤੋਂ ਨਹੀਂ, ਨਾ ਅਸ਼ੁੱਧਤਾ ਤੋਂ . . ." (ਆਇਤ 3)। ਪੌਲੁਸ ਦੇ ਜੀਵਨ ਢੰਗ ਨੇ ਉਸ ਦੇ ਸੰਦੇਸ਼ ਨੂੰ ਭਰੋਸੇਯੋਗਤਾ ਦੇ ਦਿੱਤੀ ਸੀ। ਉਸ ਦੇ ਅੰਦਰ "ਅਸ਼ੁੱਧਤਾ" ਦਾ ਦੋਸ਼ ਨਹੀਂ ਸੀ, ਜੋ ਸ਼ਾਇਦ ਜਿਨਸੀ ਅਪਵਿੱਤ੍ਰਤਾ ਦਾ ਇੱਕ ਹਵਾਲਾ ਸੀ। ਬੁੱਤਪ੍ਰਸਤ ਧਾਰਮਿਕ ਪ੍ਰਣਾਲੀਆਂ ਦਾ ਆਪਣੇ ਮੰਦਰਾਂ ਵਿੱਚ ਨਜ਼ਾਇਜ ਜਿਨਸੀ ਗਤੀਵਿਧੀਆਂ ਦੇ ਦੁਆਰਾ ਚਰਿੱਤਰ ਚਿੱਤਰਣ ਕੀਤਾ ਜਾਂਦਾ ਸੀ, ਪਰ ਪੌਲੁਸ ਨੇ ਆਤਮਿਕਤਾ ਤੇ ਜ਼ੋਰ ਦਿੱਤਾ, ਜੋ ਆਪਣੇ ਸਰੀਰ ਨੂੰ ਨਿਯੰਤਰਣ ਵਿੱਚ ਰੱਖਣਾ।

*ਉਸ ਦਾ ਮਕਸਦ ਚੰਗਾ ਸੀ।* ਉਸ ਨੇ ਲਿਖਿਆ, "ਸਾਡਾ ਉਪਦੇਸ਼ ਤਾਂ ਧੋਖੇ ਤੋਂ ਨਹੀਂ, ... ਛਲ ਨਾਲ ਹੁੰਦਾ ਹੈ" (ਆਇਤ 3)। ਇੰਜੀਲ ਪ੍ਰਚਾਰ ਵਿੱਚ ਪੌਲੁਸ ਦੇ ਇਰਾਦੇ ਸ਼ੁੱਧ ਸਨ। ਦੂਸਰੇ ਛਲੀ ਮਨੁੱਖਾਂ ਦੇ ਰੂਪ ਵਿੱਚ ਪਰਗਟ ਹੋ ਸਕਦੇ ਹਨ, "ਖੁਸ਼ਾਮਦ ਦੀਆਂ ਗੱਲਾਂ" (ਆਇਤ 5), ਪਰ ਪੌਲੁਸ ਨੇ ਥੱਸਲੁਨੀਕੀਆਂ ਦੀ ਕਲੀਸਿਆ ਨੂੰ ਇਹ ਯਾਦ ਦਿਵਾਇਆ ਕਿ ਉਸ ਨੂੰ ਉਨ੍ਹਾਂ ਦੇ ਕੋਲੋਂ ਵਿਅਕਤੀਗਤ ਲਾਭ ਦੀ ਕੋਈ ਇੱਛਾ ਨਹੀਂ ਹੈ। ਉਸ ਦਾ ਉਦੇਸ਼ ਸ਼ੁੱਧ ਅਤੇ ਸਹੀ ਸੀ-ਉਨ੍ਹਾਂ ਨੂੰ ਪਰਮੇਸ਼ੁਰ ਦੇ ਦੁਆਰਾ ਬਚਾਏ ਗਏ ਵੇਖਣਾ।

ਅੱਜ ਸਾਡੀ ਦਲੇਰੀ ਕਿਹੋ ਜਿਹੀ ਹੈ? ਸਾਨੂੰ ਮਸੀਹ ਦੀ ਖੁਸ਼ ਖਬਰੀ ਦਾ ਪ੍ਰਚਾਰ ਕਰਨ ਦੇ ਲਈ ਮੁਸ਼ਕਲਾਂ ਨੂੰ ਸਹਿਣ ਦੇ ਲਈ ਤਿਆਰ ਹੋਣਾ ਚਾਹੀਦਾ ਹੈ। ਜਦੋਂ ਅਸੀਂ ਦੂਜਿਆਂ ਨੂੰ ਮਸੀਹ ਦੇ ਵਿਸ਼ੇ ਵਿੱਚ ਸਿਖਾਉਂਦੇ ਹਾਂ, ਤਾਂ ਸਾਡਾ ਸੰਦੇਸ਼ ਸੱਚਾ, ਸਾਡੇ ਜੀਵਨ ਸ਼ੁੱਧ, ਅਤੇ

ਸਾਡੇ ਇਰਾਦੇ ਨਿਸ਼ਕਪਟ ਹੋਣੇ ਚਾਹੀਦੇ ਹਨ। EE

**ਵਿਸ਼ਵਾਸ ਯੋਗ ਪ੍ਰਚਾਰਕ (2:2-6)**

ਹਰੇਕ ਸੱਚਾ ਪ੍ਰਚਾਰਕ ਵਫ਼ਾਦਾਰ ਹੋਣ ਦੀ ਕੋਸ਼ਿਸ਼ ਕਰਦਾ ਹੈ। ਉਹ ਇੱਕ ਅਜਿਹਾ ਪ੍ਰਚਾਰਕ ਹੋਣਾ ਚਾਹੀਦਾ ਹੈ ਜਿਸ ਨੂੰ ਪਰਮੇਸ਼ੁਰ ਕੋਲੋਂ ਪ੍ਰਸ਼ੰਸਾ ਪ੍ਰਾਪਤ ਹੋਵੇਗੀ।

ਵਿਸ਼ਵਾਸਯੋਗ ਪ੍ਰਚਾਰ ਦੇ ਕੀ ਤੱਤ ਹਨ?

*ਵਿਰੋਧ ਦੇ ਬਾਵਜੂਦ ਦਲੇਰ* (2:2)। ਪੌਲੁਸ ਕੋੜਿਆਂ ਦੇ ਖੰਭੇ ਤੋਂ ਜੇਲ੍ਹ ਵਿੱਚ ਚਲਾ ਗਿਆ, ਪਰ ਨਾ ਹੀ ਖ਼ੂਨ ਨਾ ਹੀ ਪਸੀਨਾ ਉਸ ਨੂੰ ਪਰਮੇਸ਼ੁਰ ਦੇ ਵਚਨ ਦਾ ਪ੍ਰਚਾਰ ਕਰਨ ਤੋਂ ਰੋਕ ਸਕਦਾ ਹੈ।

*ਉਪਦੇਸ਼ ਵਿੱਚ ਸੱਚਾਈ* (2:3)। ਉਹ ਅਸ਼ੁੱਧਤਾ ਦੇ ਨਾਲ ਥੱਸਲੁਨੀਕੇ ਦੇ ਲੋਕਾਂ ਦੇ ਵਿੱਚ ਨਹੀਂ ਆਇਆ ਸੀ। ਉਸ ਨੇ ਉਨ੍ਹਾਂ ਨੂੰ ਉਹ ਖੁਸ਼ ਖਬਰੀ ਦਿੱਤੀ ਜੋ ਉਸ ਨੂੰ ਸੌਂਪੀ ਗਈ ਸੀ।

*ਪਰਮੇਸ਼ੁਰ ਨੂੰ ਖੁਸ਼ ਕਰਨ ਦੇ ਲਈ ਵਚਨਬੱਧ* (2:4)। ਉਸ ਨੇ *ਸਿਰਫ* ਪਰਮੇਸ਼ੁਰ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ।

ਸਿਰਫ *ਵਿਸ਼ਵਾਸਯੋਗ* ਪ੍ਰਚਾਰਕ ਹੀ ਨਿਆਂ ਦੀ ਸਫੈਦ ਰੌਸ਼ਨੀ ਦੇ ਵਿੱਚ ਖੜੇ ਹੋ ਸਕਦੇ ਹਨ। ਕੋਈ ਵੀ ਆਦਮੀ ਕਦੀ ਵੀ ਮਹਾਨ ਬੁਲਾਹਟ ਦੇ ਲਈ ਕਦੀ ਵੀ ਉਤਸ਼ਾਹਿਤ ਨਹੀਂ ਹੋਇਆ ਹੈ। EC

**ਸ਼ੁੱਧ ਮਨ ਵਿੱਚੋਂ (2:3-6)**

ਇੱਕ ਚੰਗੇ ਕੰਮ ਦਾ ਮੁੱਲ ਹੁੰਦਾ ਹੈ ਭਾਵੇਂ ਇਹ ਬੁਰੇ ਉਦੇਸ਼ ਦੇ ਨਾਲ ਹੀ ਕਿਉਂ ਨਾ ਕੀਤਾ ਜਾਵੇ। ਪ੍ਰਚਾਰ ਦੂਜਿਆਂ ਨੂੰ ਬਰਕਤ ਦੇ ਸਕਦਾ ਹੈ, ਭਾਵੇਂ ਪ੍ਰਚਾਰ ਕਰਨ ਵਾਲਾ ਵਿਅਕਤੀ ਗਲਤ ਕਾਰਣਾਂ ਲਈ ਇਹ ਕਰਦਾ ਹੈ। ਜਦਕਿ, ਸੱਚਾ ਪ੍ਰਚਾਰ ਜੋ ਖਰਾਈ ਦੇ ਨਾਲ ਵੱਧਦਾ ਹੈ ਉਹ ਪਰਮੇਸ਼ੁਰ ਦੀ ਸ਼ਕਤੀ ਹੈ। ਇਹ ਪਰਮੇਸ਼ੁਰ ਦੇ ਦੁਆਰਾ ਪ੍ਰਵਾਨ ਕੀਤਾ ਜਾਵੇਗਾ ਅਤੇ ਮਨੁੱਖ ਦੇ ਲਈ ਸਭ ਤੋਂ ਵੱਡੀ ਆਸ਼ਿਸ਼ ਹੋਵੇਗਾ।

ਪੌਲੁਸ ਨੇ ਪ੍ਰੇਰਣਾ ਦੇ ਮਾਮਲੇ ਵਿੱਚ ਸਾਰੇ ਪ੍ਰਚਾਰਕਾਂ ਦੇ ਲਈ ਇੱਕ ਉਦਾਹਰਣ ਕਾਇਮ ਕੀਤੀ ਹੈ। ਹਰੇਕ ਪ੍ਰਚਾਰਕ ਆਪਣੇ ਆਪ ਨੂੰ ਪੁੱਛੇ, "ਮੇਰਾ ਦਿਲ ਕਿਹੋ ਜਿਹਾ ਹੈ?"

*ਅਸ਼ੁੱਧਤਾ ਤੋਂ ਰਹਿਤ ਇੱਕ ਦਿਲ।* ਅਸ਼ੁੱਧਤਾ ਦੇ ਵਿੱਚ ਪੌਲੁਸ ਦੀ ਕੋਈ ਦਿਲਚਸਪੀ ਨਹੀਂ ਸੀ। ਉਸ ਨੇ ਖੁਸ਼ ਖਬਰੀ ਨੂੰ ਪਾਇਆ ਅਤੇ ਉਨ੍ਹਾਂ ਸਭਨਾਂ ਵਿੱਚ ਪ੍ਰਚਾਰ ਕਰਨ ਦੇ ਲਈ ਚੱਲਿਆ ਗਿਆ ਜੋ ਸੁਣਨਾ ਚਾਹੁੰਦੇ ਸਨ। ਮਸੀਹੀ ਸ਼ਹੀਦਾਂ ਨੇ ਸਰਾਸਰ ਸ਼ਾਬਦਿਕ ਝੂਠ ਦੇ ਲਈ ਆਪਣੀਆਂ ਜਾਨਾਂ ਨਹੀਂ ਦਿੱਤੀਆਂ ਸਨ।

*ਅਸ਼ੁੱਧਤਾ ਤੋਂ ਸ਼ੁੱਧ ਕੀਤਾ ਗਿਆ ਇੱਕ ਦਿਲ।* ਪੌਲੁਸ ਦੁਸ਼ਟਤਾ ਨਾਲ ਪ੍ਰੇਰਿਤ ਜਾਂ ਅਸ਼ੁੱਧਤਾ ਦੇ ਨਾਲ ਚਿੰਨ੍ਹਿਤ ਨਹੀਂ ਕੀਤਾ ਗਿਆ ਸੀ। ਉਸਦੇ ਅੰਦਰ ਇੱਕ ਸਾਫ਼ ਜ਼ਮੀਰ ਅਤੇ ਦਿਲ ਸ਼ੁੱਧ ਸੀ। ਉਸ ਨੇ ਗੁਆਚਿਆਂ ਦੇ ਲਈ ਸ਼ੁੱਧ ਜਨੂਨ ਦੇ ਨਾਲ ਮੁਕਤੀ ਦੀ ਮੰਗ ਕੀਤੀ।

*ਅਸ਼ੁੱਧ ਪ੍ਰੇਰਣਾਵਾਂ ਤੋਂ ਰਹਿਤ ਇੱਕ ਦਿਲ।* ਉਸ ਨੇ ਨਾ ਤਾਂ ਛਲ ਦੀ ਭਾਵਨਾ ਨਾਲ, ਧੋਖੇ ਨਾਲ, ਚਲਾਕੀ ਦੇ ਨਾਲ ਜਾਂ ਵਧਾ-ਚੜਾ ਕੇ ਪ੍ਰਚਾਰ ਨਹੀਂ ਕੀਤਾ ਸੀ। ਉਹ ਸਪਸ਼ਟ ਅਤੇ ਵਫ਼ਾਦਾਰ ਸੀ।

ਉਸ ਨੇ ਲੋਕਾਂ ਨੂੰ ਮਸੀਹ ਦੇ ਕੋਲ ਲਿਆਉਣ ਦੇ ਦੁਆਰਾ ਉਨ੍ਹਾਂ ਦੀ ਸੇਵਾ ਕੀਤੀ, ਪਰ

ਉਸ ਦੀ ਸਭ ਤੋਂ ਵੱਡੀ ਚਾਹਤ ਆਪਣੇ ਪਰਮੇਸ਼ੁਰ ਨੂੰ ਖੁਸ਼ ਕਰਨਾ ਸੀ। ਜਦੋਂ ਉਹ ਇੱਕ ਮਸੀਹੀ ਬਣ, ਤਾਂ ਉਸ ਨੇ ਆਪਣੇ ਯਹੂਦੀ ਦੇਸ਼ਵਾਸੀਆਂ ਨੂੰ ਖੁਸ਼ ਕਰਨ ਦੀ ਇੱਛਾ ਛੱਡ ਦਿੱਤੀ। ਉਸ ਦਾ ਦਿਲ ਸਿਰਫ਼ ਪਰਮੇਸ਼ੁਰ ਨੂੰ ਖੁਸ਼ ਕਰਨਾ ਚਾਹੁੰਦਾ ਸੀ। ਨਵੇਂ ਵਿਸ਼ਵਾਸੀਆਂ ਜਾਂ ਕਿਸੇ ਵੀ ਹੋਰ ਦੇ ਕੋਲੋਂ ਵਿਅਕਤੀਗਤ ਮਹਿਮਾ ਨੇ ਤਸਵੀਰ ਦੇ ਵਿੱਚ ਪ੍ਰਵੇਸ਼ ਨਹੀਂ ਕੀਤਾ ਸੀ।

ਪੈਸੇ ਨੇ ਉਸ ਨੂੰ ਪ੍ਰੇਰਿਤ ਨਹੀਂ ਕੀਤਾ ਸੀ; ਲਾਲਚ ਜਾਂ ਲੋਭ ਨੇ ਉਸ ਨੂੰ ਬੇਵੱਸ ਨਹੀਂ ਕੀਤਾ ਸੀ। ਉਹ ਇੱਕ ਪੇਸ਼ੇਵਰ ਮਿਸ਼ਨਰੀ ਸੀ ਉਸ ਨੇ ਆਪਣੇ ਪ੍ਰਚਾਰ ਦੇ ਕੈਰੀਅਰ ਦੇ ਜ਼ਿਆਦਾਤਰ ਸਮੇਂ ਵਿੱਚ, ਆਪਣੇ ਤੰਬੂ-ਬਣਾਉਣ ਦੇ ਹੁਨਰ ਦੇ ਦੁਆਰਾ ਆਪਣੇ ਆਪ ਦੀ ਮਦਦ ਕੀਤੀ।

ਇਸ ਸੰਸਾਰ ਨੇ ਕਿੰਨਾ ਬਰਕਤ ਪਾਇਆ ਹੋਇਆ ਹੋਣਾ ਸੀ ਜੇਕਰ ਸਾਰੇ ਪ੍ਰਚਾਰਕ ਪ੍ਰੇਰਣਾ ਵਿੱਚ ਇੰਨੇ ਸ਼ੁੱਧ ਹੁੰਦੇ ਜਿਨ੍ਹਾਂ ਪੌਲੁਸ ਸੀ? ਮੁਸ਼ਕਲ ਸਮੇਂ ਤੇ ਪ੍ਰਚਾਰਕਾਂ ਦੇ ਪ੍ਰਤਿ ਸਨਮਾਨ ਕਿਉਂ ਡਿੱਗ ਪੈਂਦਾ ਹੈ? ਕੀ ਇਹ ਇਰਾਦੇ ਦਾ ਇੱਕ ਮਾਮਲਾ ਹੋ ਸਕਦਾ ਹੈ? EC

**ਪੌਲੁਸ ਨਿਮਰ ਸੀ (2:6-8)**

ਆਇਤ 2 ਅਤੇ 3 ਵਿੱਚ, ਪੌਲੁਸ ਨੇ ਆਪਣੇ ਆਪ ਦੇ ਦਲੇਰ ਹੋਣ ਦੇ ਬਾਰੇ ਦੱਸਿਆ। ਆਇਤ 7 ਵਿੱਚ, ਉਸ ਨੇ ਕਿਹਾ, "ਪਰ ਅਸੀਂ ਤੁਹਾਡੇ ਵਿੱਚ ਅਜਿਹੇ ਅਸੀਲ ਸਾਂ।" ਉਹ ਅਧਿਕਾਰੀਆਂ ਦੇ ਪ੍ਰਤਿ ਦਲੇਰ ਅਤੇ ਮੈਂਬਰਾਂ ਦੇ ਪ੍ਰਤਿ ਨਿਮਰ ਸੀ। "ਨਿਮਰ" ਦਾ ਅਰਥ ਹੈ ਇੱਕ ਅਜਿਹਾ ਵਿਅਕਤੀ ਹੁੰਦਾ ਹੈ ਜਿਸ ਦੇ ਕੋਲ ਪਹੁੰਚ ਕਰਨੀ ਆਸਾਨ ਹੁੰਦੀ ਸੀ। ਅਸਲ ਵਿੱਚ, ਉਸ ਨੇ ਥੱਸਨੁਲੀਕੇ ਦੀ ਕਲੀਸਿਆ ਦੀ ਦੇਖਭਾਲ ਇੱਕ ਅਜਿਹੀ "ਮਾਤਾ ਜੋ ਆਪਣੇ ਬੱਚਿਆਂ ਨੂੰ ਪਾਲਦੀ ਹੈ" (ਆਇਤ 7) ਦੀ ਵਾਂਗ ਕੀਤੀ।

*ਪੌਲੁਸ "[ਆਪਣੇ] ਅਧਿਕਾਰ ਦਾ ਹੱਕ ਜਮਾ ਸਕਦਾ ਸੀ"* (ਆਇਤ 6)। ਕਿਉਂਕਿ ਉਹ ਇੱਕ ਰਸੂਲ ਸੀ, ਉਸ ਨੂੰ ਮੂੰਹ-ਫੱਟ, ਕਠੋਰ, ਜਾਂ ਵਿੱਤੀ ਸਹਾਇਤਾ ਮੰਗਣ ਦੇ ਦੁਆਰਾ ਬੋਝ ਬਣਨ ਦਾ ਅਧਿਕਾਰ ਸੀ। ਪਰ, ਉਸ ਨੇ ਮੰਡਲੀ ਨਾਲ ਅਜਿਹਾ ਨਾ ਕੀਤਾ।

*ਪੌਲੁਸ [ਉਨ੍ਹਾਂ] ਦੇ ਵਿਚਕਾਰ "ਨਿਮਰ ਸੀ" (ਆਇਤ 7)।* ਥੱਸਲੁਨੀਕੇ ਦੇ ਲੋਕ ਜਵਾਨ ਅਤੇ ਭੋਲੇ ਸਨ। ਇਸ ਲਈ, ਪੌਲੁਸ ਨੇ ਬੱਚਿਆਂ ਦੇ ਵਾਂਗ ਉਨ੍ਹਾਂ ਦੀ ਦੇਖਭਾਲ ਕੀਤੀ, ਉਨ੍ਹਾਂ ਦੇ ਲਈ "ਪਿਆਰੇ ਬਣ . . . ਸਾਓ" (ਆਇਤ 8)।

*ਪੌਲੁਸ ਉਨ੍ਹਾਂ ਦੇ ਪ੍ਰਤਿ ਸਮਰਪਿਤ ਸੀ* (ਆਇਤ 8)। ਉਸ ਨੇ ਲਿਖਿਆ, "ਅਸੀਂ ਤੁਹਾਡੇ ਚਾਹਵੰਦ ਹੋ ਕੇ ਤੁਹਾਨੂੰ ਨਿਰੀ ਪਰਮੇਸ਼ੁਰ ਦੀ ਖੁਸ਼ ਖਬਰੀ ਨਹੀਂ ਸਗੋਂ ਆਪਣੀ ਜਾਨ ਭੀ ਦੇਣ ਨੂੰ ਤਿਆਰ ਸਾਂ . . ." ਇੱਕ ਨਿਮਰ, ਪਿਆਰ ਕਰਨ ਵਾਲਾ ਵਿਅਕਤੀ ਸਿਰਫ ਸ਼ਬਦਾਂ ਦੇ ਨਾਲ ਹੀ ਦੇਖਭਾਲ ਨਹੀਂ ਕਰਦਾ ਹੈ; ਉਹ ਇਸਤਰੀ ਜਾਂ ਪੁਰਖ ਬਲੀਦਾਨ ਵੀ ਕਰਦਾ ਹੈ। ਜਿਵੇਂ ਇੱਕ ਮਾਂ ਆਪਣੇ ਬੱਚੇ ਦੀ "ਦੇਖਭਾਲ" ਕਰਦੀ ਹੈ, ਪੌਲੁਸ ਨੇ ਇੰਜੀਲ ਪਦਾਨ ਕੀਤੀ (ਆਤਮਿਕ ਭੋਜਨ)। ਸ਼ਬਦ "ਦੇਖਭਾਲ" ਇੱਕ ਮਜ਼ਬੂਤ ਭਾਵਨਾਤਮਕ ਸੰਬੰਧ ਦਾ ਸੰਕੇਤ ਦਿੰਦਾ ਹੈ। ਉਸ ਨੇ ਉਨ੍ਹਾਂ ਦੇ ਲਈ ਆਪਣਾ ਜੀਵਨ ਦੇ ਦਿੱਤਾ ਸੀ ਇਹ ਜ਼ਰੂਰੀ ਹੋ ਗਿਆ ਸੀ (ਵੇਖੋ ਰੋਮੀਆਂ 9:1–3)।

ਮਸੀਹੀ ਹੋਣ ਦੇ ਨਾਤੇ ਸਾਨੂੰ ਦੂਸਰਿਆਂ ਦੇ ਪ੍ਰਤਿ, ਖਾਸ ਤੌਰ ਤੇ ਮਸੀਹ ਵਿੱਚ ਆਏ

ਨਵੇਂ ਵਿਸ਼ਵਾਸੀਆਂ ਦੇ ਪ੍ਰਤਿ ਨਿਮਰਤਾ ਦਾ ਪਾਲਣ ਕਰਨ ਦੇ ਲਈ ਪੌਲੁਸ ਦੀ ਉਦਾਹਰਣ ਦਾ ਪਾਲਣ ਕਰਨਾ ਚਾਹੀਦਾ ਹੈ। ਸਾਨੂੰ ਉਨ੍ਹਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ, ਪਰਮੇਸ਼ੁਰ ਦੇ ਵਚਨ ਦੇ ਨਾਲ ਉਨ੍ਹਾਂ ਦਾ ਪੋਸ਼ਣ ਕਰਨਾ ਚਾਹੀਦਾ ਹੈ। ਸਾਨੂੰ ਉਨ੍ਹਾਂ ਨੂੰ ਨਾ ਸਿਰਫ ਇੰਜੀਲ, ਸਗੋਂ ਆਪਣੇ ਜੀਵਨ ਵੀ ਦੇਣੇ ਚਾਹੀਦੇ ਹਨ। EE

## ਪ੍ਰਚਾਰ ਕੀਤੇ ਗਏ ਦੇ ਅਨੁਸਾਰ ਜਿਉਣਾ (2:7-12)

ਇੱਕ ਪ੍ਰਚਾਰਕ ਦਾ ਇੱਕ ਚੰਗਾ ਨਾਂਅ ਹੋਣਾ ਚਾਹੀਦਾ ਹੈ। ਉਹ *ਸੱਚਾਈ* ਦਾ ਪ੍ਰਚਾਰ ਕਰ ਸਕਦਾ ਹੈ, ਪਰ ਜੇਕਰ ਉਹ ਉਸ ਸੱਚਾਈ ਦੇ ਅਨੁਸਾਰ ਨਾ *ਚੱਲੇ*, ਤਾਂ ਉਸ ਦਾ ਸੰਦੇਸ਼ ਆਮ ਤੌਰ ਤੇ ਬੋਲੇ ਕੰਨਾਂ ਵਿੱਚ ਡਿੱਗੇਗਾ। ਜੋ ਅਸੀਂ ਬੋਲਦੇ ਹਾਂ ਉਹ ਪ੍ਰਭਾਵ ਪਾਉਂਦਾ ਹੈ ਕਿ ਅਸੀਂ ਕੀ ਹਾਂ।

ਪੌਲੁਸ ਦੀ ਉਦਾਹਰਣ ਸਰਵਉੱਚ ਕਿਸਮ ਦੀ ਸੀ। ਉਸ ਦਾ ਜੀਵਨ ਉਨ੍ਹਾਂ ਦੇ ਸਾਹਮਣੇ ਇੱਕ ਉਪਜਾਊ ਭੂਮੀ ਸੀ। ਉਹ ਕਹਿ ਸਕਦਾ ਹੈ, "ਵੇਖੋ ਮੈਂ ਤੁਹਾਡੇ ਵਿਚਕਾਰ ਕਿਵੇਂ ਰਿਹਾ ਹਾਂ। ਕੀ ਇਹ ਤੁਹਾਨੂੰ ਨਹੀਂ ਦਿਖਾਉਂਦਾ ਕਿ ਮੈ ਤੁਹਾਡੀ ਕਿੰਨੀ ਪਰਵਾਹ ਕਰਦਾ ਹਾਂ ਅਤੇ ਮੈਂ ਪਰਮੇਸ਼ੁਰ ਦੇ ਪ੍ਰਤਿ ਆਪਣੀ ਵਿਅਕਤੀਗਤ ਭਗਤੀ ਦੇ ਲਈ ਕਿੰਨਾ ਗੰਭੀਰ ਹਾਂ?" ਥੱਸਲੁਨੀਕੀਆਂ ਦੇ ਪ੍ਰਤਿ ਪੌਲੁਸ ਦੀ ਉਦਾਹਰਣ ਪਰਗਟ ਕਰਦੀ ਹੈ ਕਿ ਸਾਨੂੰ ਕਿਵੇਂ ਅਗਵਾਈ ਕਰਨੀ ਚਾਹੀਦੀ ਹੈ।

*ਸੱਚੀ ਚਿੰਤਾ ਦੇ ਨਾਲ।* ਉਸ ਨੇ ਉਨ੍ਹਾਂ ਦੇ ਨਾਲ ਇਸ ਤਰ੍ਹਾਂ ਕੰਮ ਕੀਤਾ ਜਿਵੇਂ ਇੱਕ ਇੱਕ ਦੇਖਭਾਲ ਕਰਨ ਵਾਲੀ ਮਾਂ ਨਿਮਰਤਾ ਦੇ ਨਾਲ ਆਪਣੇ ਬੱਚਿਆਂ ਦੀ ਦੇਖਭਾਲ ਕਰਦੀ ਹੈ। ਉਹ ਨਿਮਰ ਅਤੇ ਪ੍ਰੇਮੀ ਸੀ ਅਤੇ ਉਸ ਨੇ ਉਨ੍ਹਾਂ ਨੂੰ ਸਮਾਂ ਦਿੱਤਾ। "ਲੋਕਾਂ ਦੇ ਪ੍ਰਚਾਰਕ ਹੋਣ ਦੇ ਨਾਤੇ," ਉਹ ਉੱਥੇ ਸਿਰਫ ਉਨ੍ਹਾਂ ਨੂੰ ਉਪਦੇਸ਼ ਦੇਣ ਦੇ ਲਈ ਹੀ ਨਹੀਂ ਸੀ-ਉਹ ਖੁਸ਼ ਖਬਰੀ ਦਾ ਪ੍ਰਚਾਰ ਕਰਨ ਦੇ ਨਾਲ ਨਾਲ ਉਸ ਦਾ ਨਮੂਨਾ ਵੀ ਬਣਨਾ ਚਾਹੁੰਦਾ ਸੀ।

*ਕਿਸੇ ਦਾ ਲੋਕਾਂ ਦੇ ਲਈ ਜਾਨ ਦੇਣਾ।* ਉਹ ਥੱਸਲੁਨੀਕੀਆਂ ਨੂੰ ਸਿਰਫ ਆਪਣਾ ਸਮਾਂ ਹੀ ਨਹੀਂ ਦੇਣਾ ਚਾਹੁੰਦਾ ਸੀ। ਉਹ ਉਨ੍ਹਾਂ ਦੇ ਆਤਮਿਕ ਵਿਕਾਸ ਵਿੱਚ ਇੰਨਾ ਜ਼ਿਆਦਾ ਸ਼ਰੀਕ ਸੀ ਕਿ ਉਹ ਕਹਿ ਸਕਦਾ ਸੀ ਕਿ ਉਸ ਨੇ ਉਨ੍ਹਾਂ ਨੂੰ ਆਪਣਾ ਜੀਵਨ ਹੀ ਦੇ ਦਿੱਤਾ ਸੀ। ਚੰਗੇ ਪ੍ਰਚਾਰ ਵਿੱਚ ਬੁੱਲ੍ਹਾਂ ਦੇ ਨਾਲ ਨਾਲ ਕਿਸੇ ਦੇ ਜੀਵਨ ਦੀ ਵੀ ਲੋੜ ਹੁੰਦੀ ਹੈ।

*ਉਦਾਹਰਣ ਦੇ ਦੁਆਰਾ ਅੱਗੇ ਵੱਧਣਾ।* ਉਸ ਨੇ ਜ਼ਿਆਦਾਤਰ ਇੱਕ ਤੰਬੂ ਬਣਾਉਣ ਵਾਲੇ ਦੇ ਰੁਪ ਵਿੱਚ, ਕੰਮ ਕੀਤਾ, ਤਾਂ ਕਿ ਉਹ ਉਨ੍ਹਾਂ ਤੇ ਵਿੱਤੀ ਬੋਝ ਨਾ ਬਣੇ। ਉਹ ਗਵਾਹ ਸਨ, ਕਿ ਉਸ ਨੇ ਉਨ੍ਹਾਂ ਦੇ ਵਿਚਕਾਰ ਇੱਕ ਧਰਮੀ ਜੀਵਨ ਗੁਜ਼ਾਰਿਆ, ਉਨ੍ਹਾਂ ਦਾ ਇਸਤੇਮਾਲ ਕਰਨ ਦਾ ਪਰਹੇਜ਼ ਕਰਕੇ ਜਾਂ ਕਿਸੇ ਵੀ ਤਰੀਕੇ ਦੇ ਨਾਲ ਉਨ੍ਹਾਂ ਦਾ ਲਾਭ ਉਠਾਉਣ ਦੇ ਦੁਆਰਾ।

*ਮਾਤਾ-ਪਿਤਾ ਦੀ ਤਾੜਨਾ ਨਾਲ ਅਨੁਸ਼ਾਸਨ।* ਪੌਲੁਸ ਨੇ ਥੱਸਲੁਨੀਕੇ ਦੇ ਲੋਕਾਂ ਦੇ ਨਾਲ ਇਸ ਪ੍ਰਕਾਰ ਦਾ ਵਿਹਾਰ ਕੀਤਾ ਜਿਵੇਂ ਇੱਕ ਪਿਤਾ ਆਪਣੇ ਬੱਚਿਆਂ ਦੇ ਨਾਲ ਕਰਦਾ ਹੈ। ਲੋੜ ਪੈਣ ਤੇ ਉਹ ਉਨ੍ਹਾਂ ਨੂੰ ਤਾੜਨਾ ਦਿੰਦਾ ਸੀ, ਪਰ ਉਹ ਜਾਣਦੇ ਸਨ ਕਿ ਉਹ ਉਨ੍ਹਾਂ ਨੂੰ ਪਿਆਰ ਕਰਦਾ ਸੀ ਅਤੇ ਉਨ੍ਹਾਂ ਦੇ ਭਲੇ ਦੇ ਲਈ ਉਨ੍ਹਾਂ ਨੂੰ ਅਨੁਸ਼ਾਸਿਤ ਕੀਤਾ ਜਾਂਦਾ ਸੀ।

ਪੌਲੁਸ ਇੱਕ ਆਦਰਸ਼ ਪ੍ਰਚਾਰਕ ਸੀ! ਉਹ ਦਾ ਪ੍ਰਚਾਰ ਕਿਸੇ ਵੀ ਵਿਅਕਤੀ ਦੇ ਅੰਦਰੋਂ ਉੱਤਮ ਨੂੰ ਬਾਹਰ ਲੈ ਆਉਂਦਾ ਸੀ। ਤੁਸੀਂ ਉਸ ਦੀ ਸੁਣੋਗੇ ਕਿਉਂਕਿ ਤੁਸੀਂ ਜਾਣੋਗੇ ਕਿ ਉਹ

ਤੁਹਾਨੂੰ ਪਿਆਰ ਕੀਤਾ ਅਤੇ ਉਸ ਦਾ ਕੋਈ ਗੁਪਤ ਏਜੰਡਾ ਨਹੀਂ ਹੈ। EC

**ਪੌਲੁਸ ਦੇ ਨਾਲ ਚੰਗਾ "ਵਿਹਾਰ ਕੀਤਾ ਗਿਆ" ਸੀ (2:9-12)**

ਇੱਕ ਦੇਖਭਾਲ ਕਰਨ ਵਾਲੇ ਰਸੂਲ ਦੇ ਵਾਂਗ, ਪੌਲੁਸ ਨੇ ਥੱਸਲੁਨੀਕੇ ਦੇ ਲੋਕਾਂ ਦੇ ਨਾਲ ਚੰਗਾ ਵਿਹਾਰ ਕੀਤਾ ਸੀ। ਉਸ ਨੇ ਲਿਖਿਆ, "ਤੁਸੀਂ ਸਾਖੀ ਹੋ ਨਾਲੇ ਪਰਮੇਸ਼ੁਰ ਵੀ ਜੋ ਕਿਹੀ ਪਵਿੱਤਰਤਾਈ ਅਤੇ ਧਰਮ ਅਤੇ ਨਿਰਦੂਸ਼ਨਾ ਸਹਿਤ ਤੁਸਾਂ ਨਿਹਚਾਵਾਨਾਂ ਨਾਲ ਸਾਡਾ ਵਰਤਾਰਾ ਸੀ" (ਆਇਤ 10)। ਦੁਬਾਰਾ ਮਾਤਾ-ਪਿਤਾ ਦੇ ਰੂਪਕ ਦਾ ਇਸਤੇਮਾਲ ਕਰਕੇ, ਪੌਲੁਸ ਇੱਕ ਚੰਗੇ ਪਿਤਾ ਦੇ ਰੂਪ ਵਿੱਚ ਵਿਸ਼ਵਾਸੀਆਂ ਦੇ ਪ੍ਰਤਿ ਆਪਣੇ ਚਾਲ-ਚਲਣ ਦੇ ਬਾਰੇ ਦੱਸਦਾ ਹੈ (ਵੇਖੋ ਆਇਤ 11)। ਇੱਕ ਚੰਗਾ ਪਿਤਾ ਕਿਸ ਪ੍ਰਕਾਰ ਦਾ ਵਿਹਾਰ ਕਰਦਾ ਹੈ?

*ਉਹ ਆਪਣੇ ਬੱਚਿਆਂ ਨੂੰ ਮੁਹੱਈਆ ਕਰਵਾਉਣ ਦੇ ਲਈ ਕੰਮ ਕਰਦਾ ਹੈ* (ਆਇਤ 9)। ਪੌਲੁਸ ਦਾ ਹੱਕ ਸੀ ਕਿ ਉਸ ਨੂੰ ਭੁਗਤਾਨ ਕੀਤਾ ਜਾਵੇ, ਪਰ ਇਹ ਨਾ ਚਾਹੁੰਦੇ ਹੋਏ ਕਿ ਉਹ ਉਨ੍ਹਾਂ ਲੋਕਾਂ ਤੇ ਬੋਝ ਬਣੇ ਜੋ ਵਿਸ਼ਵਾਸ ਵਿੱਚ ਨਵੇਂ ਆਏ ਸਨ, ਉਸ ਨੇ ਆਪਣੀਆਂ ਵਿੱਤੀ ਲੋੜਾਂ ਨੂੰ ਪੂਰਾ ਕਰਨ ਦੇ ਲਈ ਤੰਬੂ ਬਣਾਉਣ ਦਾ ਕੰਮ ਕੀਤਾ। ਬਦਲੇ ਵਿੱਚ ਕਿਸੇ ਵੀ ਚੀਜ਼ ਦੀ ਉਮੀਦ ਨਾ ਕਰਦੇ ਹੋਏ ਉਸ ਨੇ ਉਨ੍ਹਾਂ ਨੂੰ ਆਤਮਿਕ ਭੋਜਨ ਦਿੱਤਾ ਸੀ। ਉਸ ਥੱਸਲੁਨੀਕੇ ਵਿੱਚ ਰਹਿਣ ਅਤੇ ਉਨ੍ਹਾਂ ਨੂੰ ਆਤਮਿਕ ਭੋਜਨ ਪ੍ਰਦਾਨ ਕਰਨ ਦੇ ਲਈ "ਕਿਰਤ ਕੀਤੀ," "ਕਸ਼ਟ ਝੱਲੇ," ਅਤੇ "ਦਿਨ ਰਾਤ" ਕੰਮ ਕੀਤਾ।

*ਉਹ ਸਹੀ ਚਾਲ ਚੱਲਦਾ ਹੈ* (ਆਇਤ 10)। ਪੌਲੁਸ ਨੇ "ਵਚਨਬੱਧਤਾ," "ਸਿੱਧੀ ਚਾਲ" ਅਤੇ "ਨਿਰਦੋਸ਼ਤਾ," ਜਿਹੇ ਸ਼ਬਦਾਂ ਦੇ ਨਾਲ ਦੱਸਿਆ ਕਿ ਥੱਸਲੁਨੀਕੀਆਂ ਦੇ ਵਿਚਕਾਰ ਉਹ ਕਿਵੇਂ ਕੰਮ ਕੀਤਾ ਸੀ। ਇੱਕ ਭਗਤ ਵਿਅਕਤੀ ਉਹ ਹੈ ਜੋ ਪਵਿੱਤਰ ਅਤੇ ਪਰਮੇਸ਼ੁਰ ਦੇ ਪ੍ਰਤਿ ਸ਼ਰਧਾ ਦਿਖਾਉਣ ਵਾਲਾ ਹੋਵੇ। ਬੇਸ਼ੱਕ ਥੱਸਲੁਨੀਕੀਆਂ ਨੇ ਪੌਲੁਸ ਕੋਲੋਂ ਉਸ ਨੂੰ ਪ੍ਰਾਰਥਨਾ ਅਤੇ ਅਰਾਧਨਾ ਕਰਦੇ ਵੇਖ ਕੇ ਸਿੱਖਿਆ ਸੀ। ਇੱਕ ਨੇਕ ਵਿਅਕਤੀ ਉਹ ਹੈ ਜੋ ਧਰਮੀ ਅਤੇ ਪਰਮੇਸ਼ੁਰ ਦਿਆਂ ਹੁਕਮਾਂ ਨੂੰ ਮੰਨਣ ਵਾਲਾ ਹੁੰਦਾ ਹੈ। ਦੂਜਿਆਂ ਦੇ ਨਾਲ ਦਿਆਲੂ ਅਤੇ ਉਦਾਰ ਹੋਣ ਵਰਗੇ ਪੌਲੁਸ ਦੇ ਤਰੀਕਿਆਂ ਦੁਆਰਾ ਥੱਸਲੁਨੀਕੀਆਂ ਦੇ ਭਰਾਵਾਂ ਨੇ ਵਚਨ ਦੇ ਪ੍ਰਤਿ ਦੀ ਆਗਿਆਕਾਰੀ ਸਿੱਖੀ। ਇੱਕ ਨਿਰਦੋਸ਼ ਵਿਅਕਤੀ ਉਹ ਨਹੀਂ ਹੁੰਦਾ ਜੋ ਪਾਪ ਰਹਿਤ ਹੋਵੇ, ਬਲਕਿ ਉਹ ਹੁੰਦਾ ਹੈ ਜੋ ਸਹੀ ਕੰਮ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਜਦੋਂ ਉਹ ਇਸਤਰੀ ਜਾਂ ਪੁਰਖ ਡਿੱਗ ਜਾਂਦਾ ਹੈ ਤਾਂ ਉਹ ਮਾਫ਼ੀ ਮੰਗਦਾ ਹੈ। ਹੋ ਸਕਦਾ ਹੈ ਥੱਸਲੁਨੀਕੇ ਦੇ ਲੋਕਾਂ ਨੇ ਪੌਲੁਸ ਨੂੰ ਉਸ ਦੀ ਕਿਸੇ ਭਾਈ ਦੇ ਨਾਲ ਨਰਾਜ਼ਗੀ ਦੇ ਸਮੇਂ ਉਸ ਕੋਲੋਂ ਮਾਫ਼ੀ ਮੰਗਦੇ ਹੋਏ ਵੇਖਿਆ ਹੋਵੇ।

*ਉਸ ਦੇ ਸ਼ਬਦ ਸਹੀ ਸਨ* (ਆਇਤਾਂ 11, 12)। ਥੱਸਲੁਨੀਕੇ ਦੇ ਲੋਕਾਂ ਨੇ ਪੌਲੁਸ ਦੇ ਦੁਆਰਾ ਪਿਤਾ ਦੇ ਸਮਾਨ "ਸਮਝਾਏ ਜਾਣ ਦਾ," "ਉਤਸ਼ਾਹ ਦਿੱਤੇ ਜਾਣ ਦਾ" ਅਤੇ "ਪ੍ਰਾਰਥਨਾ ਕੀਤੇ ਜਾਣ ਦਾ" ਲਾਭ ਉਠਾਇਆ। ਕੁੱਝ ਲੋਕ ਕਹਿੰਦੇ ਹਨ ਕਿ ਸਾਨੂੰ ਬੱਸ ਵਿਸ਼ਵਾਸ ਦੇ ਦੁਆਰਾ ਜੀਣਾ ਚਾਹੀਦਾ ਹੈ ਅਤੇ ਇਸ ਦੇ ਬਾਰੇ ਬੋਲਣਾ ਨਹੀਂ ਚਾਹੀਦਾ ਹੈ। ਪਰ, ਜਿਵੇਂ ਚੰਗੇ ਪਿਤਾ ਲੋੜ ਦੇ ਸਮੇਂ ਗੱਲ ਕਰਨਾ ਅਤੇ ਉਤਸ਼ਾਹਿਤ ਕਰਨ ਲਈ ਤਿਆਰ ਰਹਿਣਾ ਚਾਹੁੰਦੇ ਹਨ, ਉਸੇ ਪ੍ਰਕਾਰ ਮਸੀਹੀਆਂ ਨੂੰ ਆਪਣੇ ਸ਼ਬਦਾਂ ਨੂੰ ਉਸ ਤਰੀਕੇ ਦੇ ਨਾਲ ਇਸਤੇਮਾਲ ਕਰਨ ਲਈ ਤਿਆਰ ਕਰਨਾ ਚਾਹੀਦਾ ਹੈ ਜੋ ਕਲੀਸਿਆ ਦੀ ਉੱਨਤੀ ਕਰਨ। ਜਦੋਂ ਅਸੀਂ ਬੇਹਤਰ ਜੀਵਨ ਜਿਉਣ ਵਿੱਚ ਲੋਕਾਂ ਦੀ ਮਦਦ ਕਰਨ ਦੀ ਲੋੜ ਨੂੰ ਵੇਖਦੇ ਹਾਂ,

ਤਾਂ ਸਾਨੂੰ ਉਨ੍ਹਾਂ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ। ਸਾਨੂੰ ਨਿਰਾਸ਼ ਲੋਕਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਰਮੇਸ਼ੁਰ ਦੀ ਭਲਾਈ ਦੇ ਗਵਾਹ ਹੁੰਦੇ ਹੋਏ, ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ।

ਪੌਲੁਸ ਨੇ ਇੱਕ ਵਿਹਾਰ ਦਾ ਨਮੂਨਾ ਦਿੱਤਾ ਹੈ ਜਿਸ ਦਾ ਸਾਨੂੰ, ਵੀ, ਪਾਲਣ ਕਰਨਾ ਚਾਹੀਦਾ ਹੈ। ਅਸੀਂ ਕੰਮ ਕਰ ਸਕਦੇ ਅਤੇ ਕਲੀਸਿਆ ਦੇ ਲਈ ਮੁਹੱਈਆ ਕਰਵਾ ਸਕਦੇ ਹਾਂ, ਤਾਂ ਕਿ ਪਰਮੇਸ਼ੁਰ ਸਾਡੀਆਂ ਭੌਤਿਕ ਬਰਕਤਾਂ ਦੇ ਰਾਹੀਂ ਕੰਮ ਕਰ ਸਕੇ। ਅਸੀਂ ਸੱਚੇ, ਈਮਾਨਦਾਰ ਅਤੇ ਨਿਰਦੋਸ਼ ਹੋਣ ਦੇ ਦੁਆਰਾ ਸਹੀ ਚਾਲ ਚੱਲ ਸਕਦੇ ਹਾਂ। ਅਸੀਂ ਸੱਚਾਈ ਦੇ ਜੀਵਨ ਵਿੱਚ ਦੂਜਿਆਂ ਨੂੰ ਉਪਦੇਸ਼ ਦੇ ਕੇ, ਉਤਸ਼ਾਹਿਤ ਕਰ ਕੇ, ਅਤੇ ਪ੍ਰੇਰਣਾ ਦੇ ਕੇ ਸਹੀ ਸ਼ਬਦਾਂ ਦਾ ਉਪਯੋਗ ਕਰ ਸਕਦੇ ਹਾਂ। EE

**ਕਿਵੇਂ ਸੁਣਨਾ ਹੈ (2:13)**

ਥੱਸਲੁਨੀਕੇ ਦੇ ਲੋਕ ਕਿੰਨੇ ਚੰਗੇ ਤਰੀਕੇ ਦੇ ਨਾਲ ਪਰਮੇਸ਼ੁਰ ਦੇ ਵਚਨ ਨੂੰ ਸੁਣਦੇ ਸਨ ਇਹ ਉਨ੍ਹਾਂ ਦੇ "ਚੰਗੇ ਦਿਲਾਂ" ਦਾ ਇੱਕ ਸੰਕੇਤ ਹੈ।

*ਉਨ੍ਹਾਂ ਨੇ ਪਰਮੇਸ਼ੁਰ ਦੇ ਵਚਨ ਨੂੰ "ਮਨੁੱਖਾਂ ਦਾ ਬਚਨ ਕਰਕੇ ਨਹੀਂ" ਗ੍ਰਹਿਣ ਕੀਤਾ* (ਆਇਤ 13)। ਉਹ ਸੰਦੇਸ਼ ਜੋ ਉਨ੍ਹਾਂ ਨੇ ਸੁਣਿਆ ਸੀ ਉਹ ਪੌਲੁਸ ਤੇ ਉਸ ਦੇ ਸਾਥੀਆਂ ਵਰਗੇ ਲੋਕਾਂ ਦੇ ਦੁਆਰਾ ਆਇਆ ਸੀ (ਵੇਖੋ ਰੋਮੀਆਂ 10:14)। ਪਰ, ਸੰਦੇਸ਼ ਮਨੁੱਖਾਂ ਦੇ ਦੁਆਰਾ ਅਰੰਭ ਨਹੀਂ ਹੋਇਆ ਸੀ। ਗਲਾਤੀਆਂ 1:11 ਵਿੱਚ, ਪੌਲੁਸ ਨੇ ਲਿਖਿਆ, "ਮੈਂ ਉਸ ਖੁਸ਼ ਖਬਰੀ ਦੇ ਵਿਖੇ ਜਿਹੜੀ ਮੈਂ ਸੁਣਾਈ ਸੀ ਤੁਹਾਨੂੰ ਚਿਤਾਰਦਾ ਹਾਂ ਭਈ ਉਹ ਇਨਸਾਨ ਦੇ ਅਨੁਸਾਰ ਨਹੀਂ ਹੈ।" ਬਾਅਦ ਵਿੱਚ ਉਸੇ ਅਧਿਆਇ ਵਿੱਚ ਉਸ ਨੇ ਕਿਹਾ ਕਿ ਉਹ ਆਪਣੀ ਮਨਬਦਲੀ ਤੋਂ ਬਾਅਦ ਤੁਰੰਤ ਯਰੂਸ਼ਲਮ ਨੂੰ ਨਹੀਂ ਗਿਆ (ਆਇਤ 17) ਅਤੇ ਇਹ ਕਿ ਉਸ ਦਾ ਸੰਦੇਸ਼ ਮਸੀਹ ਯਿਸੂ ਦੇ ਪਰਕਾਸ਼ ਦੇ ਦੁਆਰਾ ਆਇਆ ਸੀ (ਆਇਤ 12)। ਥੱਸਲੁਨੀਕੇ ਵਿੱਚ ਪੌਲੁਸ ਦਾ ਸੰਦੇਸ਼ ਉਹੀ ਖੁਸ਼ ਖਬਰੀ ਸੀ ਜੋ ਉਸ ਨੇ ਏਸ਼ੀਆ ਮਾਈਨਰ ਦੀਆਂ ਕਲੀਸੀਆਵਾਂ ਨੂੰ ਲਿਖੀ ਸੀ। ਇਹ ਸੰਦੇਸ਼ ਪਰਮੇਸ਼ੁਰ ਦੀ ਪ੍ਰੇਰਣਾ ਦੇ ਦੁਆਰਾ ਮਿਲਿਆ ਸੀ।

*ਉਨ੍ਹਾਂ ਨੇ ਵਚਨ ਨੂੰ "ਪਰਮੇਸ਼ੁਰ ਦਾ ਬਚਨ" ਦੇ ਵਾਂਗ ਸਮਝਿਆ* (ਆਇਤ 13)। ਪੌਲੁਸ ਨੇ ਲਿਖਿਆ ਕਿ "ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ" (2 ਤਿਮੋਥਿਉਸ 3:16)। ਇੱਥੇ ਆਤਮਾ ਦੇ ਲਈ ਸ਼ਬਦ ਦਾ ਅਰਥ "ਸੰਚਾਰਿਤ ਕਰਨਾ," ਹੈ, ਇਨ੍ਹਾਂ ਸ਼ਬਦਾਂ ਦਾ ਰੂਪਕ ਪਰਮੇਸ਼ੁਰ ਦੇ ਮੂੰਹ ਵਿੱਚੋਂ ਨਿਕਲਿਆ ਹੋਇਆ ਹੈ। ਥੱਸਲੁਨੀਕੇ ਦੇ ਲੋਕਾਂ ਨੇ ਸੰਦੇਸ਼ ਨੂੰ "ਗ੍ਰਹਿਣ ਕੀਤਾ," ਜਿਸ ਦਾ ਅਰਥ ਹੈ ਕਿ ਉਨ੍ਹਾਂ ਨੇ ਸਰੀਰਕ ਤੌਰ ਤੇ ਉਸ ਨੂੰ ਸੁਣਿਆ, ਅਤੇ ਉਨ੍ਹਾਂ ਨੇ ਇਸ ਨੂੰ "ਸਵੀਕਾਰ," ਵੀ ਕੀਤਾ, ਜਿਸ ਦਾ ਅਰਥ ਆਪਣੇ ਦਰਜੇ ਦੇ ਅਨੁਸਾਰ ਉਸ ਨੂੰ ਗ੍ਰਹਿਣ ਕੀਤਾ।

ਫਿਰ, ਸੰਦੇਸ਼ ਨੇ, ਉਨ੍ਹਾਂ ਦੇ ਅੰਦਰ "ਆਪਣਾ ਕੰਮ [ਕੀਤਾ]" ਅਤੇ ਉਨ੍ਹਾਂ ਦੇ ਜੀਵਨਾਂ ਨੂੰ ਬਦਲ ਦਿੱਤਾ। ਇਹ ਵਿਚਾਰ ਉਸ ਵਿਚਾਰ ਦੇ ਨਾਲ ਮਿਲਦਾ-ਜੁਲਦਾ ਹੈ ਜੋ ਪੌਲੁਸ ਨੇ ਕਿਸੇ ਹੋਰ ਸਥਾਨ ਤੇ ਲਿਖਿਆ ਸੀ। ਅਫ਼ਸੀਆਂ 3:20 ਵਿੱਚ, ਉਸ ਨੇ ਉਸ ਤਾਕਤ ਦੇ ਬਾਰੇ ਬੋਲਿਆ "ਉਸ ਸਮੱਰਥਾ ਦੇ ਅਨੁਸਾਰ ਜੋ ਸਾਡੇ ਵਿੱਚ ਪੋਹੰਦੀ ਹੈ।" ਫ਼ਿਲਿੱਪੀਆਂ 2:12, 13, ਵਿੱਚ ਪੌਲੁਸ ਨੇ ਲਿਖਿਆ, "ਡਰਦੇ ਅਤੇ ਕੰਬਦੇ ਹੋਏ ਆਪਣੀ ਮੁਕਤੀ ਦਾ ਕੰਮ ਨਿਬਾਹੋ;

ਕਿਉਂ ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।" ਉਨ੍ਹਾਂ ਨੂੰ ਪ੍ਰਭੂ ਦੀ ਮਹਿਮਾ ਦੇ ਚਿੱਤਰ ਨੂੰ ਆਕਾਰ ਦੇਣ ਵਿੱਚ, ਪਰਮੇਸ਼ੁਰ ਦਾ ਕੰਮ ਕਰਨਾ ਜੀਵਨਾਂ ਨੂੰ ਬਦਲਣ ਵਾਲਾ ਸੀ (2 ਕੁਰਿੰਥੀਆਂ 3:18)।

ਜਦੋਂ ਅਸੀਂ ਖੁਸ਼ ਖਬਰੀ ਦਾ ਸੰਦੇਸ਼ ਸੁਣਦੇ ਹਾਂ, ਕੀ ਅਸੀਂ ਇਸ ਨੂੰ ਪਰਮੇਸ਼ੁਰ ਵੱਲੋਂ ਨਿਕਲਿਆ ਹੋਇਆ ਮੰਨਦੇ ਹਾਂ? ਕਈ ਵਾਰ ਮਸੀਹੀ ਇਸ ਪ੍ਰਕਾਰ ਵੀ ਕੰਮ ਕਰਦੇ ਹਨ ਜਿਵੇਂ ਇਹ "ਮਨੁੱਖਾਂ ਵੱਲੋਂ" ਹੋਵੇ, ਭਾਵੇਂ ਉਹ ਇਹ ਗੱਲ ਬੋਲਦੇ ਨਾ ਹੋਣ। ਉਦਾਹਰਣ ਦੇ ਲਈ, ਇੱਕ ਪ੍ਰਚਾਰਕ ਪ੍ਰਚਾਰ ਕਰਦਾ ਹੈ "ਆਪਸ ਵਿੱਚੀਂ ਇਕੱਠੇ ਹੋਣ ਨੂੰ ਨਾ ਛੱਡੀਏ" (ਇਬਰਾਨੀਆਂ 10:25), ਅਤੇ ਸੁਣਨ ਵਾਲੇ ਜਵਾਬ ਦਿੰਦੇ ਹਨ, "ਪ੍ਰਚਾਰਕ ਸਾਹਿਬ, ਇਹ ਤੁਹਾਡਾ ਵਿਚਾਰ ਹੈ।" ਪਰਮੇਸ਼ੁਰ ਕਹਿੰਦਾ ਹੈ, "ਹਰੇਕ ਸ਼ੁਭ ਕਰਮ ਉੱਤੇ ਲੱਕ ਬੰਨ੍ਹੀ ਰੱਖਣ" (ਤੀਤੁਸ 3:1), ਪਰ ਕਲੀਸਿਆ ਕਹਿੰਦੀ ਹੈ, "ਇਹ ਉਹ ਹੈ ਜੋ ਬਜ਼ੁਰਗ ਚਾਹੁੰਦੇ ਹਨ।" ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਬਾਈਬਲ ਦੀਆਂ ਸਿੱਖਿਆਵਾਂ ਮਨੁੱਖ ਦੇ ਸ਼ਬਦ ਨਹੀਂ ਹਨ।

ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਬਾਈਬਲ ਦੀਆਂ ਸਿੱਖਿਆਵਾਂ ਨੂੰ ਉਹੀ ਸਮਝੀਏ ਜੋ ਉਹ ਹਨ-ਪਰਮੇਸ਼ੁਰ ਦਾ ਵਚਨ। ਯਾਦ ਰੱਖੋ ਲਿਖਤਾ ਦਾ ਖੰਡਣ ਨਹੀਂ ਹੋ ਸੱਕਦਾ (ਯੂਹੰਨਾ 10:35) ਅਤੇ ਇਹ ਕਿ ਪਰਮੇਸ਼ੁਰ ਇੱਕ "ਭਸਮ ਕਰਨ ਵਾਲੀ ਅੱਗ" ਹੈ (ਇਬਰਾਨੀਆਂ 12:29)। ਚੰਗੇ-ਦਿਲ ਦੇ ਲੋਕ ਵਚਨ ਨੂੰ ਪਰਮੇਸ਼ੁਰ ਦੁਆਰਾ ਦਿੱਤੇ ਗਏ ਵਚਨ ਦੇ ਰੂਪ ਵਿੱਚ ਸਵੀਕਾਰ ਕਰਦੇ ਹਨ! EE

### ਜਦੋਂ ਵਚਨ ਦਾ ਪ੍ਰਚਾਰ ਕੀਤਾ ਗਿਆ (2:13)

ਮਸੀਹੀ ਹੋਣ ਦੇ ਨਾਤੇ, ਸਾਡੀਆਂ ਸਭ ਤੋਂ ਵੱਡੀਆਂ ਜ਼ਿੰਮੇਵਾਰੀਆਂ ਵਿੱਚੋਂ ਇੱਕ ਪਰਮੇਸ਼ੁਰ ਦੇ ਵਚਨ ਨੂੰ ਗ੍ਰਹਿਣ ਕਰਨਾ ਹੈ। ਉਸ ਦੇ ਵਚਨ ਤੋਂ ਬਿਨਾਂ ਮੁਕਤੀ ਦੇ ਰਾਹ ਤੇ ਸਾਡੀ ਅਗਵਾਈ ਕਰਨ ਵਾਲਾ ਅਤੇ ਮਸੀਹੀ ਜੀਵਨ ਦੇ ਲਈ ਸੱਚੀ ਸਿੱਖਿਆ ਦੇਣ ਵਾਲਾ ਕੋਈ ਵੀ ਨਹੀਂ ਹੈ।

ਜਿਸ ਤਰੀਕੇ ਦੇ ਨਾਲ ਥੱਸਲੁਨੀਕੀਆਂ ਦੇ ਲੋਕਾਂ ਨੇ ਉਸ ਵਚਨ ਨੂੰ ਗ੍ਰਹਿਣ ਕੀਤਾ ਸੀ ਜੋ ਉਨ੍ਹਾਂ ਨੂੰ ਪ੍ਰਚਾਰ ਕੀਤਾ ਗਿਆ ਸੀ ਉਸ ਦੇ ਲਈ ਪੌਲੁਸ ਨਿਰੰਤਰ ਧੰਨਵਾਦ ਦੇ ਸਕਦਾ ਹੈ। ਉਨ੍ਹਾਂ ਦੁਆਰਾ ਵਚਨ ਦਾ ਸਵਾਗਤ ਕੀਤੇ ਜਾਣ ਨੇ ਉਨ੍ਹਾਂ ਦੀ ਮਨਬਦਲੀ ਦੇ ਦਰਵਾਜ਼ੇ ਨੂੰ ਖੋਲ੍ਹ ਦਿੱਤਾ ਸੀ।

*ਉਸ ਨੇ ਪ੍ਰਾਪਤ ਕਰਨ ਨੂੰ ਚੁਣਿਆ।* ਉਨ੍ਹਾਂ ਨੇ ਇਸ ਨੂੰ ਸੁਣਿਆ, ਇਸ ਨੂੰ ਤੋਲਿਆ ਅਤੇ ਪਾਇਆ ਕਿ ਇਹ ਇੱਕ ਸਦੀਵੀ ਸੰਦੇਸ਼ ਹੈ।

*ਉਨ੍ਹਾਂ ਨੇ ਇਸ ਨੂੰ ਪਰਮੇਸ਼ੁਰ ਦਾ ਵਚਨ ਮੰਨਿਆ।* ਥੱਸਲੁਨੀਕੇ ਦੇ ਲੋਕਾਂ ਨੇ ਉਸ ਆਤਮਾ ਤੇ ਧਿਆਨ ਦੇ ਕੇ ਜਿਸ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਸੀ, ਉਨ੍ਹਾਂ ਲੋਕਾਂ ਤੋਂ ਪਰੇ ਵੇਖਿਆ ਜਿਨ੍ਹਾਂ ਨੇ ਉਹ ਸੰਦੇਸ਼ ਸੁਣਾਇਆ ਸੀ। ਉਹ ਇਸ ਗੱਲ ਨੂੰ ਸਮਝ ਗਏ ਕਿ ਇਹ ਪਰਮੇਸ਼ੁਰ ਹੈ ਜੋ ਪੌਲੁਸ ਅਤੇ ਉਸ ਦੇ ਸਾਥੀਆਂ ਦੇ ਵਚਨਾਂ ਦੇ ਦੁਆਰਾ ਉਨ੍ਹਾਂ ਦੇ ਨਾਲ ਗੱਲਾਂ ਕਰ ਰਿਹਾ ਸੀ। ਕੋਈ ਵੀ ਅਸਲ ਵਿੱਚ ਉਦੋਂ ਤੱਕ ਇੰਜੀਲ ਦਾ ਪਾਲਣ ਨਹੀਂ ਕਰ ਸਕਦਾ ਜਦੋਂ ਤੱਕ ਉਹ ਉਸ ਨੂੰ ਪਰਮੇਸ਼ੁਰ ਦੇ ਵੱਲੋਂ ਆਇਆ ਹੋਇਆ ਸਵੀਕਾਰ ਨਾ ਕਰੇ।

*ਉਨ੍ਹਾਂ ਨੇ ਇਸ ਨੂੰ ਇੱਕ ਜ਼ਿੰਦਾ, ਸਰਗਰਮ ਵਚਨ ਦੇ ਰੂਪ ਗ੍ਰਹਿਣ ਕੀਤਾ।* ਉਨ੍ਹਾਂ ਨੇ ਇਸ ਨੂੰ ਸਿਰਫ ਸੱਚੇ ਅਤੇ ਸਹੀ ਤੱਥਾਂ ਦੇ ਰੂਪ ਵਿੱਚ ਨਹੀਂ ਵੇਖਿਆ, ਪਰ ਬੇਜਾਨ, ਧੁੰਦਲੇ, ਅਤੇ ਠੰਡੇ ਤੱਥਾਂ ਦੇ ਰੂਪ ਵਿੱਚ ਵੀ ਵੇਖਿਆ। ਸ਼ੋਧ ਕੀਤੇ ਹੋਏ ਸ਼ਬਦ ਆਤਮਾ ਦੀ ਸ਼ਕਤੀ ਦੇ ਨਾਲ ਜ਼ਿੰਦਾ ਸਨ। ਉਨ੍ਹਾਂ ਦੇ ਪ੍ਰਤਿ ਆਪਣੇ ਦਿਲਾਂ ਨੂੰ ਖੋਲਣ ਦੇ ਦੁਆਰਾ, ਉਨ੍ਹਾਂ ਨੇ ਆਪਣੇ ਅੰਦਰ ਵਚਨ ਨੂੰ ਕੰਮ ਕਰਦੇ ਹੋਏ ਅਨੁਭਵ ਕੀਤਾ।

ਇੱਥੇ ਇੱਕ ਛੋਟੇ ਵਾਕ ਵਿੱਚ ਉਸ ਤਰੀਕੇ ਦਾ ਚਿਤਰਣ ਕੀਤਾ ਗਿਆ ਹੈ ਜਿਸ ਦੇ ਦੁਆਰਾ ਕੋਈ ਇੱਕ ਮਨੁੱਖ ਇੱਕ ਮਸੀਹੀ ਬਣਦਾ ਹੈ। ਉਹ ਪਰਮੇਸ਼ੁਰ ਦੇ ਜਿਉਂਦੇ ਅਤੇ ਕਿਰਿਆਸ਼ੀਲ ਸ਼ਬਦ ਨੂੰ ਪ੍ਰਾਪਤ ਕਰਦਾ ਹੈ ਅਤੇ ਪਵਿੱਤਰ ਆਤਮਾ ਦੇ ਦੁਆਰਾ ਸ਼ਕਤੀ ਪ੍ਰਾਪਤ ਕੀਤਾ ਹੋਇਆ ਵਚਨ ਮਨ ਨੂੰ ਜ਼ਿੰਦਾ ਵਚਨ ਜਾਂ ਮਸੀਹ ਯਿਸੂ ਦੇ ਲਈ ਬਦਲਦਾ ਹੈ।

ਹਰੇਕ ਨੇਕ ਦਿਲ ਪੁੱਛੇਗਾ, "ਮੈਨੂੰ ਵਚਨ ਨੂੰ ਕਿਵੇਂ ਪ੍ਰਾਪਤ ਹੋਇਆ ਹੈ?" EC

**ਖੁਸ਼ ਖਬਰੀ ਦਾ ਸੰਚਾਰ (2:1-13)**

ਇਸ ਅਧਿਆਇ ਵਿੱਚ, ਪੌਲੁਸ ਥੱਸਲੁਨੀਕੇ ਵਿੱਚ ਇੱਕ ਵਿਰੋਧੀ ਯਹੂਦੀ ਤੱਤ ਦੁਆਰਾ ਕੀਤੇ ਗਏ ਹਮਲੇ ਦਾ ਮੁਕਾਬਲਾ ਕਰਨ ਦੇ ਲਈ ਸਫਾਈ ਪੇਸ਼ ਕਰਦਾ ਹੈ। ਉਸ ਨੇ ਆਪਣੇ ਪਾਠਕਾਂ ਨੂੰ ਯਾਦ ਦਿਵਾਇਆ ਕਿ ਕਿਵੇਂ ਉਹ, ਤਿਮੋਥਿਉਸ, ਅਤੇ ਸਿਲਾਸ ਉਨ੍ਹਾਂ ਦੇ ਦਰਮਿਆਨ ਰਹਿੰਦੇ, ਕੰਮ ਕਰਦੇ, ਅਤੇ ਪ੍ਰਚਾਰ ਕਰਦੇ ਰਹੇ ਸਨ। ਇੱਥੇ ਅਸੀਂ ਇੱਕ ਤਸਵੀਰ ਪ੍ਰਾਪਤ ਕਰਦੇ ਹਾਂ ਕਿ ਜਦੋਂ ਅਸੀਂ ਇੰਜੀਲ ਪ੍ਰਚਾਰ ਕਰਦੇ ਹਾਂ ਤਾਂ ਸਾਡੇ ਇਰਾਦੇ, ਤਰੀਕੇ ਅਤੇ ਢੰਗ ਕਿਹੋ ਜਿਹੇ ਹੋਣੇ ਚਾਹੀਦੇ ਹਨ। ਸ਼ਾਇਦ ਇਹ ਬੰਦ ਖੁਸ਼ ਖਬਰੀ ਦੇ ਪ੍ਰਚਾਰ ਦੇ ਲਈ ਪ੍ਰਚਾਰਕ ਦੀ ਨਿਜੀ ਪੁਸਤਕ ਦੇ ਰੂਪ ਵਿੱਚ ਬਹੁਤ ਹੀ ਚੰਗੀ ਸੇਵਾ ਕਰ ਸਕਦੇ ਹਨ।

ਇਹ ਨਵੇਂ ਨੇਮ ਦੇ ਮਹਾਨ ਪਾਠਾਂ ਵਿੱਚੋਂ ਇੱਕ ਹੈ ਜੋ ਉਸ ਸੰਦੇਸ਼ ਦੀ ਪ੍ਰੇਰਣਾ ਦੀ ਪੁਸ਼ਟੀ ਕਰ ਰਿਹਾ ਹੈ ਜੋ ਪੌਲੁਸ ਅਤੇ ਉਸ ਦੇ ਸਾਥੀ-ਕਾਮਿਆਂ ਨੇ ਲਿਖਤੀ ਅਤੇ ਮੌਖਿਕ ਰੂਪ ਵਿੱਚ ਦਿੱਤਾ ਸੀ।

ਜੇਕਰ ਸਾਨੂੰ ਪੁੱਛਿਆ ਜਾਵੇ, "ਨਵੇਂ ਨੇਮ ਵਿੱਚ ਸੰਦੇਸ਼ ਦੇ ਪ੍ਰਚਾਰ ਅਤੇ ਸੰਚਾਰ ਦੇ ਵਿਸ਼ੇ ਵਿੱਚ ਸਭ ਤੋਂ ਜ਼ਿਆਦਾ ਮਸ਼ਹੂਰ ਅਤੇ ਸਭ ਤੋਂ ਜ਼ਿਆਦਾ ਇਸਤੇਮਾਲ ਕੀਤਾ ਜਾਣ ਵਾਲਾ ਪਾਠ ਕਿਹੜਾ ਹੈ?" ਤਾਂ ਜਵਾਬ ਸ਼ਾਇਦ 2 ਤਿਮੋਥਿਉਸ 4:1–4 ਹੋਵੇਗਾ। ਦੂਸਰਾ ਉੱਤਰ ਸ਼ਾਇਦ 1 ਥੱਸਲੁਨੀਕੀਆਂ 2:1–13 ਹੋਵੇਗਾ। ਥੱਸਲੁਨੀਕੀਆਂ ਦਾ ਇਹ ਹਵਾਲਾ 2 ਤਿਮੋਥਿਉਸ 2:1–4 ਜਿੰਨਾ ਪ੍ਰਸਿੱਧ ਜਾਂ ਅਕਸਰ ਇਸਤੇਮਾਲ ਹੋਣ ਵਾਲਾ ਪਾਠ ਨਹੀਂ ਹੈ; ਪਰ ਹਰ ਇੱਕ ਸਿੱਖਿਅਕ, ਪ੍ਰਚਾਰਕ, ਬਜ਼ੁਰਗ, ਮਾਤਾ-ਪਿਤਾ, ਅਤੇ ਮਸੀਹੀ ਨੂੰ ਇਸ ਹਵਾਲੇ ਦੇ ਭਾਵ ਦੀ ਗਹਿਰਾਈ ਨੂੰ ਸਮਝਣ ਦੇ ਲਈ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਕਿਉਂਕਿ ਇਹ ਖਾਸ ਤੌਰ ਤੇ ਇਹ ਪ੍ਰੇਰਣਾ ਅਤੇ ਸੰਦੇਸ਼ ਸੰਚਾਰ ਦੇ ਤਰੀਕੇ ਦੇ ਵਿਸ਼ੇ ਤੇ ਗੱਲਬਾਤ ਕਰਦਾ ਹੈ।

*ਸੰਦੇਸ਼* (2:13)। ਕੁਝ ਲੋਕਾਂ ਨੇ ਦ੍ਰਿੜ੍ਹਤਾ ਦੇ ਨਾਲ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਪੌਲੁਸ ਨੇ ਕਦੀ ਵੀ ਦਾਅਵਾ ਨਹੀਂ ਕੀਤਾ ਕਿ ਸੰਦੇਸ਼ ਪ੍ਰੇਰਿਤ ਅਤੇ ਪ੍ਰਮਾਣਿਤ ਸੀ। ਨਵੇਂ ਨੇਮ ਦੀ ਗਵਾਹੀ ਦੀ ਰੌਸ਼ਨੀ ਵਿੱਚ ਇਹ ਦਾਅਵਾ ਸਪੱਸ਼ਟ ਰੂਪ ਵਿੱਚ ਬੇਲੋੜਾ ਹੈ। ਥੱਸਲੁਨੀਕੀਆਂ ਦੀ ਇਸ ਪੱਤ੍ਰੀ ਵਿੱਚ ਪੌਲੁਸ ਦੁਆਰਾ ਪ੍ਰਚਾਰ ਕੀਤੀ ਗਈ ਉਸ ਇੰਜੀਲ ਦੀ ਪ੍ਰੇਰਣਾ ਅਤੇ

ਅਧਿਕਾਰ ਦੇ ਬਹੁਤ ਸਾਰੇ ਸੰਕੇਤ ਪਾਏ ਜਾਂਦੇ ਹਨ। ਉਸ ਨੇ ਕਿਹਾ, "ਕਿਉਂਕਿ ਤੁਸੀਂ ਜਾਣਦੇ ਹੋ ਜੋ ਅਸਾਂ . . . ਕੀ ਕੀ ਹੁਕਮ ਦਿੱਤੇ। ਪਰਮੇਸ਼ੁਰ ਦੀ ਇੱਛਿਆ ਤੁਹਾਡੀ ਪਵਿੱਤਰਤਾਈ ਦੀ ਹੈ ਭਈ ਤੁਸੀਂ ਹਰਾਮਕਾਰੀ ਤੋਂ ਬਚੇ ਰਹੋ" (1 ਥੱਸਲੁਨੀਕੀਆਂ 4:2, 3; ਜ਼ੋਰ ਦਿੱਤਾ ਗਿਆ ਹੈ)। ਆਇਤ 8 ਕਹਿੰਦੀ ਹੈ, ". . . ਜੋ ਕੋਈ ਇਹ ਨੂੰ ਰੱਦਦਾ ਹੈ ਸੋ ਮਨੁੱਖ ਨੂੰ ਨਹੀਂ ਸਗੋਂ ਪਰਮੇਸ਼ੁਰ ਨੂੰ ਰੱਦਦਾ ਹੈ ਜਿਹੜਾ ਆਪਣਾ ਪਵਿੱਤਰ ਆਤਮਾ ਤੁਹਾਨੂੰ ਦਿੰਦਾ ਹੈ।" ਇਨ੍ਹਾਂ ਦੋਵਾਂ ਆਇਤਾਂ ਨੂੰ ਇਕੱਠੇ ਰੱਖੋ। ਦੋ ਅਤੇ ਦੋ ਚਾਰ ਦੇ ਬਰਾਬਰ ਹਨ। 2 ਅਤੇ 8 ਕਿਸ ਦੇ ਬਰਾਬਰ ਹਨ? ਆਇਤ 2 ਵਿੱਚ ਪੌਲੁਸ ਕਹਿ ਰਿਹਾ ਹੈ, "ਤੁਸੀਂ ਜਾਣਦੇ ਹੋ ਜੋ ਅਸਾਂ . . . ਕੀ ਕੀ ਹੁਕਮ ਦਿੱਤੇ।" ਆਇਤ 8 ਕਹਿੰਦੀ ਹੈ, ". . . ਜੋ ਕੋਈ ਇਹ ਨੂੰ ਰੱਦਦਾ ਹੈ ਸੋ ਮਨੁੱਖ ਨੂੰ ਨਹੀਂ ਸਗੋਂ ਪਰਮੇਸ਼ੁਰ ਨੂੰ ਰੱਦਦਾ ਹੈ . . . ।" ਹੁਣ ਇਨ੍ਹਾਂ ਦੋਵਾਂ ਆਇਤਾਂ ਵਿੱਚ ਕੀ ਵਿਅਕਤ ਕੀਤਾ ਗਿਆ ਹੈ? ਉਹ ਕਹਿ ਰਿਹਾ ਸੀ, "ਇਹ ਪਰਮੇਸ਼ੁਰ ਦਾ ਵਚਨ ਹੈ।"

*ਪ੍ਰੇਰਣਾ* (2:1–6, 8)। ਕਿਹੜੀ ਚੀਜ਼ ਨੇ ਉਨ੍ਹਾਂ ਨੂੰ ਸੰਦੇਸ਼ ਸਵੀਕਾਰ ਕਰਨ ਦੇ ਲਈ ਪ੍ਰੇਰਿਤ ਕੀਤਾ ਸੀ? ਲੋਕ ਕਿਸੇ ਅਜਿਹੀ ਚੀਜ਼ ਦੇ ਲਈ ਲੰਬੇ ਸਮੇਂ ਤੱਕ ਦੁੱਖ ਉਠਾਉਣਾ ਨਹੀਂ ਚਾਹੁੰਦੇ ਜਿਸ ਉੱਤੇ ਉਹ ਸੱਚਾ ਵਿਸ਼ਵਾਸ ਨਾ ਕਰਦੇ ਹੋਣ। ਇਸ ਦੇ ਨਾਲ, ਦੁੱਖ ਮੈਲ ਨੂੰ ਕੱਢਣ ਦੇਣ ਅਤੇ ਅਸਲੀ ਉਦੇਸ਼ਾਂ ਸਪਸ਼ਟ ਕਰਨ ਦਾ ਇੱਕ ਤਰੀਕਾ ਹੈ। ਜੋ ਫ਼ਿਲਿੱਪੈ ਵਿੱਚ ਹੋਇਆ ਸੀ ਉਹ ਸਾਨੂੰ ਉਨ੍ਹਾਂ ਦੀ ਪ੍ਰੇਰਣਾ ਦੇ ਵਿਸ਼ੇ ਵਿੱਚ ਕੁੱਝ ਕਹਿੰਦਾ ਹੈ। ਉਨ੍ਹਾਂ ਨੂੰ ਕੁੱਟਿਆ ਗਿਆ ਸੀ, ਤਾਂ ਵੀ ਉਨ੍ਹਾਂ ਨੇ ਲਗਾਤਾਰ ਪ੍ਰਚਾਰ ਕਰਨਾ ਜਾਰੀ ਰੱਖਿਆ।

ਉਹ ਪਾਪ, ਅਸ਼ੁੱਧਤਾ, ਜਾਂ ਧੋਖੇ ਨਾਲ ਪ੍ਰੇਰਿਤ ਨਹੀਂ ਕੀਤੇ ਗਏ ਸਨ। ਪੌਲੁਸ ਨੇ ਕਿਹਾ, "ਮੈਂ ਲੋਕਾਂ ਦੇ ਕੋਲੋਂ ਪ੍ਰਸ਼ੰਸਾ ਅਤੇ ਤਾਰੀਫ਼ ਹਾਸਲ ਕਰਨ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹਾਂ। ਮੈਂ ਪਰਮੇਸ਼ੁਰ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਨ੍ਹਾਂ ਚੀਜ਼ਾਂ ਨੇ ਸਾਨੂੰ ਉਤਸ਼ਾਹਿਤ ਜਾਂ ਪ੍ਰੇਰਿਤ ਨਹੀਂ ਕੀਤਾ ਸੀ। ਇਹ ਸਾਡੇ ਪ੍ਰਚਾਰ ਦੀ ਵਿਸ਼ੇਸ਼ਤਾ ਨਹੀਂ ਸਨ।"

ਉਨ੍ਹਾਂ ਨੂੰ ਸਵਾਰਥੀ ਪਰਿਣਾਮਾਂ ਦੇ ਨਾਲ ਸੇਵਾ ਕਰਨ ਲਈ ਮਜ਼ਬੂਰ ਨਹੀਂ ਕੀਤਾ ਗਿਆ ਸੀ। ਆਇਤ 5 ਵਿੱਚ ਉਸ ਨੇ ਆਪਣੇ ਅੰਦਰੂਨੀ ਪ੍ਰੇਰਣਾ ਨੂੰ ਜ਼ਾਹਿਰ ਕੀਤਾ ਅਤੇ ਇਸ ਗੱਲ ਨੂੰ ਸਪਸ਼ਟ ਕੀਤਾ ਕਿ ਉਸ ਨੂੰ ਨਾਕਾਰਾਤਮਕ ਉਦੇਸ਼ਾਂ ਨੇ ਨਹੀਂ ਚਲਾਇਆ ਸੀ।

ਪੌਲੁਸ ਪੈਸੇ ਦੇ ਲੋਭ ਦੇ ਕਾਰਣ ਇਸ ਕੰਮ ਦੇ ਵਿੱਚ ਨਹੀਂ ਸੀ। ਨਵੇਂ ਨੇਮ ਵਿੱਚ ਥੱਸਲੁਨੀਕੇ ਘੱਟੋ ਘੱਟ ਦੋ ਕਲੀਸਿਆਵਾਂ ਵਿੱਚੋਂ ਇੱਕ ਹੈ ਜਿਨ੍ਹਾਂ ਦੇ ਬਾਰੇ ਅਸੀਂ ਜਾਣਦੇ ਹਾਂ ਕਿ ਪੌਲੁਸ ਨੇ ਇਨ੍ਹਾਂ ਦੇ ਕੋਲੋਂ ਸਹਾਇਤਾ ਪ੍ਰਾਪਤ ਨਹੀਂ ਕੀਤੀ ਸੀ। 1 ਕਰਿੰਥੀਆਂ 9 ਵਿੱਚ ਉਸ ਨੇ ਤਰਕ ਦਿੱਤਾ ਹੈ ਕਿ ਉਸ ਨੂੰ ਮਦਦ ਲੈਣ ਦਾ ਹੱਕ ਹੈ, ਪਰ ਉਸ ਨੇ ਕਿਹਾ ਕਿ ਉਸ ਨੂੰ ਇਸ ਅਧਿਕਾਰ ਨੂੰ ਇਸਤੇਮਾਲ ਨਾ ਕਰਨ ਦਾ ਵੀ ਅਧਿਕਾਰ ਹੈ। ਥੱਸਲੁਨੀਕੀਆਂ ਅਤੇ ਕੁਰਿੰਥੁਸ ਵਿੱਚ, ਪੌਲੁਸ ਨੇ ਆਪਣੇ ਹੱਥਾਂ ਦੇ ਨਾਲ ਮੇਹਨਤ ਕੀਤੀ ਅਤੇ ਕੁਰਿੰਥੀਆਂ ਨੂੰ ਲਿਖਿਆ ਅਤੇ ਕਿਹਾ, "ਤੁਹਾਡੀ ਸੇਵਾ ਲਈ ਮੈਂ ਤਾਂ ਹੋਰਨਾਂ ਕਲੀਸਿਯਾਂ ਤੋਂ ਖਰਚ ਲੈ ਕੇ ਉਨ੍ਹਾਂ ਨੂੰ ਲੁੱਟ ਲਿਆ।" ਧਿਆਨ ਦਿਓ ਕਿ ਕਿਵੇਂ ਉਸ ਨੇ 2 ਕੁਰਿੰਥੀਆਂ 11:8 ਵਿੱਚ ਇਸ ਨੂੰ ਲਿਖਿਆ ਹੈ: ਥੱਸਲੁਨੀਕੇ ਅਤੇ ਕੁਰਿੰਥੁਸ ਦੋਵਾਂ ਵਿੱਚ ਉਸ ਨੇ ਤੰਬੂ ਬਣਾਉਣ ਵਾਲੇ ਦੇ ਰੂਪ ਵਿੱਚ ਆਪਣਾ ਕੰਮ ਕੀਤਾ। ਉਹ ਲੋਭੀ, ਪਦਾਰਥਵਾਦੀ ਉਦੇਸ਼ਾਂ ਦੇ ਨਾਲ ਪ੍ਰੇਰਿਤ ਨਹੀਂ ਸੀ।

ਉਹ ਮਨੁੱਖੀ ਪ੍ਰੇਰਣਾ ਦੇ ਨਾਲ ਪ੍ਰੇਰਿਤ ਨਹੀਂ ਸੀ। ਇਹ ਮਨੁੱਖੀ ਮਹਿਮਾ ਨਹੀਂ ਸੀ ਜਿਸ ਨੇ ਉਸ ਦੀ ਮਨੁੱਖੀ ਅਹਿਮ ਦੀ ਅੱਗ ਨੂੰ ਜਲਾਈ ਰੱਖਿਆ ਸੀ ਅਤੇ ਥੱਸਲੁਨੀਕੇ ਵਿੱਚ ਉਸ ਦੇ ਕੰਮ ਨੂੰ ਪ੍ਰੇਰਿਤ ਕੀਤਾ ਸੀ। ਉਸ ਤੇ ਧਿਆਨ ਦਿਓ ਜੋ ਉਸ ਨੇ 2:6 ਵਿੱਚ ਕਿਹਾ ਸੀ: "ਨਾ

ਅਸੀਂ ਮਨੁੱਖਾਂ ਪਾਸੋਂ ਵਡਿਆਈ ਚਾਹੁੰਦੇ ਸਾਂ, ਨਾ ਤੁਹਾਡੇ ਪਾਸੋਂ, ਨਾ ਹੋਰਨਾਂ ਪਾਸੋਂ।"

ਮਹਿਮਾ ਦੀ ਖੋਜ ਕਰਨ ਦਾ ਰਵੱਈਆ ਜੋ ਮਨੁੱਖੀ ਮਨ ਨੂੰ ਸੰਤੁਸ਼ਟ ਕਰਨ ਦੀ ਭਾਲ ਕਰੇਗਾ ਉਹ ਵਿਸ਼ਵਾਸ ਕਰਨ ਦੇ ਵਿੱਚ ਅਸਲੀ ਰੁਕਾਵਟ ਪੈਦਾ ਕਰ ਸਕਦਾ ਹੈ। ਯੂਹੰਨਾ 5:44 ਵਿੱਚ, ਯਿਸੂ ਨੇ ਕਿਹਾ, "ਭਲਾ, ਤੁਸੀਂ ਕਿੱਕੂੰ ਪਰਤੀਤ ਕਰ ਸੱਕਦੇ ਹੋ ਜਿਹੜੇ ਇੱਕ ਦੂਏ ਤੋਂ ਵਡਿਆਈ ਲੈਂਦੇ ਅਤੇ ਉਹ ਵਡਿਆਈ ਜੋ ਵਾਹਿਦ ਪਰਮੇਸ਼ੁਰ ਤੋਂ ਹੈ ਨਹੀਂ ਚਾਹੁੰਦੇ ਹੋ?"

ਪੌਲੁਸ ਨੇ ਕਿਉਂ ਸੇਵਾ ਕੀਤੀ? ਉਸ ਨੇ ਪ੍ਰੇਮ ਦੇ ਕਾਰਣ ਸੇਵਾ ਕੀਤੀ। ਜੇਕਰ ਉਹ ਪ੍ਰਸ਼ੰਸਾ ਪ੍ਰਾਪਤ ਕਰਨ ਦੀ ਇੱਛਾ ਦੇ ਨਾਲ ਪ੍ਰੇਰਿਤ ਨਹੀਂ ਸੀ, ਜੇਕਰ ਉਹ ਲੋਭ ਦੇ ਚੋਗੇ ਨੂੰ ਇਸਤੇਮਾਲ ਨਹੀਂ ਕਰ ਰਿਹਾ ਸੀ, ਅਤੇ ਜੇਕਰ ਉਹ ਚਾਪਲੂਸੀ ਦੇ ਸ਼ਬਦਾਂ ਨੂੰ ਵਰਤ ਨਹੀਂ ਰਿਹਾ ਸੀ, ਤਾਂ ਉਹ ਕਿਹੜੀ ਚੀਜ਼ ਸੀ ਜਿਸ ਨੇ ਪੌਲੁਸ ਨੂੰ ਪ੍ਰੇਰਿਤ ਕੀਤਾ ਸੀ? ਆਇਤ 8 ਵਿੱਚ ਉਸ ਨੇ ਸਾਨੂੰ ਕਿਹਾ ਸੀ, "ਇਉਂ ਅਸੀਂ ਤੁਹਾਡੇ ਚਾਹਵੰਦ ਹੋ ਕੇ ਤੁਹਾਨੂੰ ਨਿਰੀ ਪਰਮੇਸ਼ੁਰ ਦੀ ਖੁਸ਼ ਖਬਰੀ ਨਹੀਂ ਸਗੋਂ ਆਪਣੀ ਜਾਨ ਭੀ ਦੇਣ ਨੂੰ ਤਿਆਰ ਸਾਂ ਇਸ ਲਈ ਜੋ ਤੁਸੀਂ ਸਾਡੇ ਪਿਆਰੇ ਬਣ ਗਏ ਸਾਓ।"

ਸੰਦੇਸ਼ ਦੇ ਸੰਚਾਰ ਵਿੱਚ ਅਸੀਂ ਸਿਰਫ ਤੱਥਾਂ ਦਾ ਸਮੂਹ ਹੀ ਨਹੀਂ ਵੰਡਿਆ। ਅਸੀਂ ਮਾਫ਼ੀ ਦੇ ਸ਼ਬਦ ਕਹਿੰਦੇ ਹੋਏ ਆਏ ਹਾਂ-ਵਿਸ਼ਵਾਸ ਨੂੰ ਧੀਰਜ, ਪਛਚਾਤਾਪ, ਅਤੇ ਉਸ ਦੀ ਮੌਤ ਵਿੱਚ ਬਪਤਿਸਮੇ ਦੇ ਦੁਆਰਾ ਵਿਅਕਤ ਕੀਤਾ ਗਿਆ। ਅਸੀਂ ਸਿਰਫ ਸੰਦੇਸ਼ ਹੀ ਨਹੀਂ ਲਿਆਏ, ਅਤੇ ਸੰਦੇਸ਼ ਹੀ ਨਹੀਂ ਦਿੱਤਾ, ਪਰ ਆਪਣੇ ਆਪ ਨੂੰ ਵੀ ਦਿੱਤਾ। ਸਿੱਖਿਅਕ, ਇੰਜੀਲ ਪ੍ਰਚਾਰਕ, ਅਤੇ ਨਿਜੀ ਵਰਕਰ ਜੋ ਸਭ ਤੋਂ ਵੱਧ ਪ੍ਰਭਾਵਸ਼ਾਲੀ ਹੁੰਦੇ ਹਨ ਉਹ ਅਜਿਹੇ ਲੋਕ ਹਨ ਜੋ ਪੌਲੁਸ ਦੇ ਵਾਂਗ, ਕਹਿ ਸਕਦੇ ਹਨ, "ਤੁਸੀਂ ਸਾਡੇ ਪਿਆਰੇ ਬਣ ਗਏ ਸਾਓ।" ਇਹ ਕਹਿਣ ਦਾ ਇੱਕ ਹੋਰ ਤਰੀਕਾ ਹੈ ਕਿ ਪੌਲੁਸ ਦਾ ਮਹਾਨ ਮਕਸਦ ਪਿਆਰ ਦਾ ਮਕਸਦ ਸੀ। ਉਹ ਪ੍ਰਭੂ ਨੂੰ, ਅਤੇ ਖੁਸ਼ ਖਬਰੀ ਨੂੰ ਪਿਆਰ ਕਰਦਾ ਸੀ। ਇਸ ਹਵਾਲੇ ਦੇ ਦੁਆਰਾ ਵਿਸ਼ੇਸ਼ ਤੌਰ ਤੇ ਚਮਕਣ ਵਾਲੀ ਮਹਾਨ ਸੱਚਾਈ ਇਹ ਹੈ ਕਿ ਉਸ ਨੇ ਲੋਕਾਂ ਦੀਆਂ ਰੂਹਾਂ ਦੇ ਨਾਲ ਪਿਆਰ ਕੀਤਾ।

*ਤਰੀਕਾ* (2:7, 11)। ਉਸ ਦਾ ਤਰੀਕਾ ਕਿਹੋ ਜਿਹਾ ਸੀ? ਮਕਸਦ ਅਤੇ ਤਰੀਕੇ ਵਿੱਚ ਇੱਕ ਗਹਿਰਾ ਸੰਬੰਧ ਹੁੰਦਾ ਹੈ। ਅਸਲ ਵਿੱਚ ਕਿਸੇ ਦੇ ਮਕਸਦ ਨੂੰ ਉਸ ਦੇ ਢੰਗ ਅਤੇ ਤਰੀਕੇ ਦੇ ਨਾਲ ਨਿਰਧਾਰਤ ਕੀਤਾ ਜਾਂਦਾ ਹੈ। ਇਸ ਭਾਗ ਵਿੱਚ ਪੌਲੁਸ ਦੇ ਦੁਆਰਾ ਦੋ ਪਰਿਵਰਤਨਸ਼ੀਲ ਅੰਕੜੇ ਇਸਤੇਮਾਲ ਕੀਤੇ ਗਏ ਹਨ। ਉਨ੍ਹਾਂ ਵਿੱਚੋਂ ਇੱਕ ਆਇਤ 7 ਵਿੱਚ ਪ੍ਰਦਰਸ਼ਿਤ ਹੁੰਦਾ ਹੈ। ਉਹ ਕਹਿੰਦਾ ਹੈ, "ਪਰ ਅਸੀਂ ਤੁਹਾਡੇ ਵਿੱਚ ਅਜੇਹੇ ਅਸੀਲ ਸਾਂ ਜਿਹੀ ਮਾਤਾ ਜੋ ਆਪਣੇ ਬੱਚਿਆਂ ਨੂੰ ਪਾਲਦੀ ਹੈ।" ਆਇਤ 11 ਵਿੱਚ ਇਸ ਤੋਂ ਵੀ ਵੱਧ ਕੇ ਮਨ ਨੂੰ ਛੂਹਣ ਵਾਲਾ ਅੰਕੜਾ ਆਉਂਦਾ ਹੈ, ਜੋ ਸਾਨੂੰ ਵਿਅਕਤੀਗਤ ਚਿੰਤਾ ਦੇ ਬਾਰੇ ਕੁੱਝ ਦਿਖਾਉਂਦਾ ਹੈ: ਉਸ ਨੇ ਕਿਹਾ, "ਸੋ ਤੁਸੀਂ ਜਾਣਦੇ ਹੋ ਭਈ ਜਿਵੇਂ ਪਿਤਾ ਆਪਣੇ ਬਾਲਕਾਂ ਨੂੰ ਤਿਵੇਂ ਅਸੀਂ ਤੁਹਾਡੇ ਵਿੱਚੋਂ ਇੱਕ ਇੱਕ ਨੂੰ ਕਿਵੇਂ ਉਪਦੇਸ਼ ਅਤੇ ਦਿਲਾਸਾ ਦਿੰਦੇ ਅਤੇ ਸਮਝਾਉਂਦੇ ਰਹੇ।"

ਹਰ ਇੱਕ ਬੱਚੇ ਨੂੰ ਆਪਣੇ ਮਾਤਾ ਪਿਤਾ ਦੇ ਨਾਲ ਕੁੱਝ ਸਮਾਂ ਗੁਜ਼ਾਰਣ ਦੀ ਲੋੜ ਹੁੰਦੀ ਹੈ। ਤੁਸੀਂ ਸਮੂਹਿਕ ਤੌਰ ਤੇ ਆਪਣੇ ਬੱਚਿਆਂ ਦੀ ਦੇਖਭਾਲ ਨਹੀਂ ਕਰ ਸਕਦੇ ਹੋ। ਇਸ ਭਾਗ ਵਿੱਚ ਮਹਾਨ ਪ੍ਰੇਮ ਦਾ ਇੱਕ ਮਕਸਦ ਸੀ, ਅਤੇ ਵਿਧੀ ਅਤੇ ਤਰੀਕੇ ਦੇ ਦੁਆਰਾ ਪ੍ਰੇਮ ਡੁੱਲ ਰਿਹਾ ਸੀ। ਥੱਸਲੁਨੀਕੇ ਦੇ ਮਨਬਦਲੀ ਹੋਏ ਲੋਕਾਂ ਦੇ ਲਈ ਇਹ ਇੱਕ ਵਿਅਕਤੀਗਤ ਵਿਸ਼ਾ

ਬਣ ਗਿਆ ਸੀ। ਇਹ ਇੱਕ ਕੋਮਲ, ਪ੍ਰੇਮੀ ਪਹੁੰਚ ਸੀ। ਇਹ ਪ੍ਰਮਾਣਿਕ ਸੰਦੇਸ਼ ਦੀ ਇੱਕ ਪ੍ਰੇਮ ਭਰੀ ਪੇਸ਼ਕਸ਼ ਸੀ। ਪੌਲੁਸ ਆਪਣੇ ਆਪ ਨੂੰ ਪ੍ਰਦਾਨ ਕਰਨ ਦੇ ਲਈ ਤਿਆਰ ਸੀ।

ਅਕਸਰ *ਪਿਆਰ* ਦਿਲਾਂ ਨੂੰ ਖੋਲ੍ਹਦਾ ਹੈ ਨਾ ਕਿ *ਤਰਕ*। ਕੀ ਇਹ ਸੱਚਾਈ ਨਹੀਂ ਹੈ ਕਿ ਲੋਕ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਉਹ ਤੁਹਾਨੂੰ ਕਿੰਨਾ *ਜਾਣਦੇ* ਹਨ ਜਦੋਂ ਤੱਕ ਉਹ ਇਹ ਨਾ ਜਾਣ ਲੈਣ ਕਿ ਤੁਸੀਂ ਕਿੰਨੀ *ਪਰਵਾਹ* ਕਰਦੇ ਹੋ?

ਜੋਰਜ ਸੰਤਿਆਨਾ ਨੇ 1905 ਵਿੱਚ ਪੰਜ-ਗ੍ਰੰਥ ਦੇ ਕੰਮ *ਦ ਲਾਇਫ ਆਫ ਰੀਜ਼ਨ* ਦੀ ਪਹਿਲੀ ਲਿਖਤ ਨੂੰ ਪੂਰਾ ਕੀਤਾ। ਫਿਰ ਆਪਣੀ ਮੌਤ ਤੋਂ ਥੋੜੀ ਦੇਰ ਪਹਿਲਾਂ ਉਸ ਨੇ ਉਸ ਕੰਮ ਦੇ ਜ਼ਿਆਦਾਤਰ ਹਿੱਸੇ ਦਾ ਮੁੜ ਸੰਪਾਦਨ ਕੀਤਾ ਅਤੇ ਉਸ ਨੂੰ ਮੁੜ ਲਿਖਿਆ। ਉਨ੍ਹਾਂ ਸਾਰੇ ਸਾਲਾਂ ਦੇ ਬੀਤ ਜਾਣ ਤੋਂ ਬਾਅਦ, ਕੁੱਝ ਲੋਕਾਂ ਦੇ ਦੁਆਰਾ ਉਸ ਨੂੰ ਪੁੱਛਿਆ ਗਿਆ, "ਕੀ ਤੁਸੀਂ ਆਪਣੇ ਵਿਚਾਰ ਬਦਲ ਲਏ ਹਨ? ਕੀ ਤੁਸੀਂ ਆਪਣੀ ਰਾਇ ਨੂੰ ਬਦਲ ਲਿਆ ਹੈ? ਕੀ ਹੁਣ ਤੁਸੀਂ ਵੱਖਰੇ ਵਿਚਾਰਾਂ ਨੂੰ ਗ੍ਰਹਿਣ ਕਰ ਲਿਆ ਹੈ?" ਉਸ ਨੇ ਉੱਤਰ ਦਿੱਤਾ, "ਨਹੀਂ! ਨਹੀਂ! ਮੈਂ ਜ਼ਿਆਦਾਤਰ ਉਹੀ ਗੱਲਾਂ ਕਹੀਆਂ ਹਨ, ਪਰ ਮੈਂ ਉਨ੍ਹਾਂ ਨੂੰ ਬੋਲਣ ਦੇ ਇੱਕ ਵੱਖਰੇ ਸੁਰ ਵਿੱਚ ਕਹਿਣਾ ਚਾਹੁੰਦਾ ਹਾਂ।" ਅਵਾਜ਼ ਦਾ ਉਹ ਸੁਰ ਬਹੁਤ ਹੀ ਮਹੱਤਵਪੂਰਣ ਹੈ। ਮਹਾਨ ਸਿੱਖਿਆਵਾਂ, ਪ੍ਰਚਾਰ, ਅਤੇ ਨਿਜੀ ਕੰਮ ਵਿੱਚ, ਅਰਥ ਅਤੇ ਤਰੀਕੇ ਮਿਲ ਜਾਂਦੇ ਹਨ। ਜਦੋਂ ਅਸੀਂ ਪ੍ਰੇਮ ਦਾ ਉਹ ਸੰਦੇਸ਼ ਪ੍ਰਚਾਰ ਕਰਦੇ ਹਾਂ, ਤਾਂ ਸਾਡਾ ਤਰੀਕਾ ਵੀ ਪ੍ਰੇਮ ਵਾਲਾ ਹੋਣਾ ਚਾਹੀਦਾ ਹੈ।

*ਸਿੱਟਾ।* ਲੋਕ ਸ਼ਾਇਦ ਹੀ ਇੰਜੀਲ ਵਰਗੇ ਇਸ ਮਹਾਨ ਸੰਦੇਸ਼ ਦਾ ਵਿਰੋਧ ਕਰ ਸਕਦੇ ਹਨ ਜਦੋਂ ਇਹ ਪ੍ਰੇਮ ਨਾਲ ਪ੍ਰਸਤੁਤ ਕੀਤਾ ਜਾਂਦਾ ਹੈ। ਮੈਂ ਮਦਦ ਨਹੀਂ ਕਰ ਸਕਦਾ ਪਰ ਮੈਂ ਵਿਸ਼ਵਾਸ ਕਰਦਾ ਹਾਂ ਕਿ ਸਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਦਾ ਉਨ੍ਹਾਂ ਲੋਕਾਂ ਤੇ ਇੱਕ ਮਜ਼ਬੂਤ ਪ੍ਰਭਾਵ ਹੋ ਸਕਦਾ ਹੈ ਜਿਨ੍ਹਾਂ ਲੋਕਾਂ ਦੇ ਨਾਲ ਅਸੀਂ ਗੱਲ ਬਾਤ ਕਰਦੇ ਹਾਂ। ਜੇਕਰ ਅਸੀਂ ਉਨ੍ਹਾਂ ਤੱਕ ਇਸ ਛੁਟਕਾਰਾ ਦੇਣ ਵਾਲੇ ਸੰਦੇਸ਼ ਨੂੰ ਲੈ ਕੇ ਜਾਈਏ ਅਤੇ ਉਨ੍ਹਾਂ ਦੇ ਪ੍ਰਤਿ ਸੱਚੀ ਚਿੰਤਾ ਵਿਖਾ ਸਕੀਏ।

ਅਸੀਂ ਸੰਦੇਸ਼ ਨੂੰ ਵੇਖਦੇ ਹਾਂ। ਇਹ ਪਰਮੇਸ਼ੁਰ ਦਾ ਵਚਨ ਹੈ: "ਜਿਵੇਂ ਉਹ ਸੱਚੀਂ ਮੁੱਚੀਂ ਹੈ ਪਰਮੇਸ਼ੁਰ ਦਾ ਬਚਨ ਕਰਕੇ ਕਬੂਲ ਕੀਤਾ . . ." (1 ਥੱਸਲੁਨੀਕੀਆਂ 2:13)। ਅਸੀਂ ਮਕਸਦ ਨੂੰ ਵੇਖਦੇ ਹਾਂ, ਇੱਕ ਮਹਾਨ ਪਿਆਰ ਦੇ ਮਕਸਦ ਨੂੰ ਨਾ ਕਿ ਲਾਲਚ ਦੇ, ਨਾ ਹੀ ਮਨੁੱਖਾਂ ਤੋਂ ਪ੍ਰਸ਼ੰਸਾ ਪ੍ਰਾਪਤ ਕਰਨ ਦੇ ਮਕਸਦ ਨੂੰ। ਅਸੀਂ ਤਰੀਕੇ ਨੂੰ ਵੇਖਦੇ ਹਾਂ ਜਦੋਂ ਇਸ ਪ੍ਰੇਮ ਦੇ ਮਕਸਦ ਨੇ ਉਸ ਰਾਹ ਨੂੰ ਸੁਗੰਧਿਤ ਕੀਤਾ ਜਿਸ ਵਿੱਚ ਪੌਲੁਸ ਉਨ੍ਹਾਂ ਲੋਕਾਂ ਤੱਕ ਪਹੁੰਚਿਆ ਜੋ ਗੁਆਚ ਗਏ ਸਨ-"ਜਿਹੀ ਮਾਤਾ ਜੋ ਆਪਣੇ ਬੱਚਿਆਂ ਨੂੰ ਪਾਲਦੀ ਹੈ," ਜਾਂ ਸ਼ਾਇਦ ਉਸ ਤੋਂ ਵੀ ਵੱਧ ਕੇ ਅਰਥ ਪੂਰਣ, "ਜਿਵੇਂ ਪਿਤਾ ਆਪਣੇ ਬਾਲਕਾਂ ਨੂੰ।" AM

**ਚੰਗੇ ਮਨ ਵਾਲੇ ਲੋਕ (2:13-20)**

ਯਹੂਦੀਆਂ ਦੇ ਵਿਚਕਾਰ ਇੱਕ ਮਹਾਨ ਗੁਰੂ ਦੇ ਬਾਰੇ ਇੱਕ ਦੰਤ ਕਥਾ ਹੈ ਜਿਸ ਨੇ ਆਪਣੇ ਵਿਦਿਆਰਥੀਆਂ ਕੋਲੋਂ ਪੁੱਛਿਆ ਸੀ ਕਿ ਉਹ ਵਿਚਾਰ ਕਰਨ ਅਤੇ ਦੱਸਣ ਕਿ ਆਪਣੇ ਆਪ ਨੂੰ ਪਰਮੇਸ਼ੁਰ ਦੇ ਨਾਲ ਸਹੀ ਰੱਖਣ ਦਾ ਸਭ ਤੋਂ ਉੱਤਮ ਤਰੀਕਾ ਕਿਹੜਾ ਸੀ। ਇੱਕ ਆਦਮੀ ਆਇਆ ਅਤੇ ਕਿਹਾ ਸਭ ਤੋਂ ਉੱਤਮ ਤਰੀਕਾ ਇਸ ਗੱਲ ਨੂੰ ਯਕੀਨੀ ਬਣਾਉਣਾ ਹੈ ਕਿ ਤੁਹਾਡੀ ਅੱਖ ਬਾਈਬਲ ਦੇ ਅਨੁਸਾਰ ਹੋਵੇ, ਜਿਸ ਵਿੱਚ ਸੰਤੁਸ਼ਟ ਸੁਭਾਅ ਸ਼ਾਮਲ ਹੈ।

ਦੂਸਰੇ ਨੇ ਕਿਹਾ ਕਿ ਇਸ ਗੱਲ ਨੂੰ ਯਕੀਨੀ ਬਣਾਓ ਕਿ ਤੁਸੀਂ ਇੱਕ ਚੰਗੇ ਸਾਥੀ ਹੋ। ਤੀਸਰੇ ਜਣੇ ਨੇ ਕਿਹਾ ਇਸ ਗੱਲ ਨੂੰ ਨਿਸ਼ਚਤ ਕਰੋ ਕਿ ਤੁਸੀਂ ਇੱਕ ਚੰਗੇ ਗੁਆਂਢੀ ਹੋ। ਆਖਿਰਕਾਰ, ਇੱਕ ਆਦਮੀ ਜਿਸ ਦਾ ਨਾਮ ਅਲਆਜ਼ਾਰ ਸੀ ਉਸ ਨੇ ਕਿਹਾ ਕਿ ਇੱਕ ਚੰਗੇ ਦਿਲ ਦਾ ਹੋਣਾ ਸਭ ਤੋਂ ਉੱਤਮ ਹੈ। ਰੱਬੀ ਨੇ ਕਿਹਾ, "ਸ੍ਰੀਮਾਨ ਜੀ, ਤੁਸੀਂ, ਸਹੀ ਉੱਤਰ ਦਿੱਤਾ ਹੈ, ਕਿਉਂਕਿ ਜਦੋਂ ਤੁਹਾਡਾ ਦਿਲ ਚੰਗਾ ਹੋਵੇਗਾ, ਤਾਂ ਤੁਹਾਡੀ ਅੱਖ ਵੀ ਚੰਗੀ ਹੋਵੇਗੀ ਅਤੇ ਤੁਸੀਂ ਚੰਗੇ ਗੁਆਂਢੀ ਅਤੇ ਚੰਗੇ ਸਾਥੀ ਹੋਵੋਗੇ।"

ਥੱਸਲੁਨੀਕੀਆਂ 2:13–20 ਵਿੱਚ ਪੌਲੁਸ ਨੇ ਥੱਸਲੁਨੀਕੇ ਦੀ ਲੋਕਾਂ ਦੇ ਵਿਸ਼ੇ ਵਿੱਚ ਜੋ ਕਿਹਾ ਸੀ ਉਸ ਦੇ ਅਨੁਸਾਰ, ਅਸੀਂ ਵੇਖ ਸਕਦੇ ਹਾਂ ਉਹ "ਚੰਗੇ ਦਿਲਾਂ" ਵਾਲੇ ਲੋਕ ਸਨ। ਇਨ੍ਹਾਂ ਆਇਤਾਂ ਵਿੱਚ, ਪੌਲੁਸ ਨੇ ਵਰਣਨ ਕੀਤਾ ਹੈ ਕਿ ਜਦੋਂ ਉਹ ਉਨ੍ਹਾਂ ਦੇ ਨਾਲ ਸੀ ਤਾਂ ਥੱਸਲੁਨੀਕੇ ਦੇ ਲੋਕਾਂ ਨੇ ਉਸ ਦੇ ਸੰਦੇਸ਼ ਨੂੰ ਕਿਵੇਂ ਸਵੀਕਾਰ ਕੀਤਾ ਸੀ। ਉਨ੍ਹਾਂ ਦੇ ਪ੍ਰਤਿਉੱਤਰ ਨੇ ਇਸ ਗੱਲ ਨੂੰ ਪਰਗਟ ਕੀਤਾ ਕਿ ਉਹ "ਚੰਗੇ ਦਿਲਾਂ" ਵਾਲੇ ਲੋਕ ਹਨ। EE

**ਧੰਨਵਾਦੀ ਸਿੱਖਿਅਕ (2:13-20)**

ਪੌਲੁਸ ਨੇ ਥੱਸਲੁਨੀਕੇ ਦੇ ਲੋਕਾਂ ਦੇ ਨਾਲ ਇੱਕ ਵਿਸ਼ੇਸ਼ ਸੰਬੰਧ ਨੂੰ ਜੋੜਿਆ ਸੀ। 2:13–20 ਵਿੱਚ, ਉਸ ਨੇ ਥੱਸਲੁਨੀਕੇ ਦੇ ਲੋਕਾਂ ਦੇ ਮਸੀਹ ਵਿੱਚ ਹੋ ਕੇ ਭਾਈ ਅਤੇ ਭੈਣਾਂ ਹੋਣ ਦੇ ਵਿਸ਼ੇ ਵਿੱਚ ਆਪਣੇ ਅਨੰਦ ਨੂੰ ਦਰਸਾਇਆ। ਇਹ ਸੰਬੰਧ ਪੌਲੁਸ, ਸਿਲਾਸ, ਅਤੇ ਤਿਮੋਥਿਉਸ ਦੇ ਫ਼ਿਲਿੱਪੈ ਵਿੱਚੋਂ ਕੱਢ ਦਿੱਤੇ ਜਾਣ ਤੋਂ ਬਾਅਦ ਥੱਸਲੁਨੀਕੇ ਵਿੱਚ ਚਲੇ ਜਾਣ ਦੇ ਕਾਰਣ ਸਥਾਪਤ ਹੋਣ ਵਾਲਾ ਆਮ ਸੰਬੰਧ ਨਹੀਂ ਸੀ। ਇਹ ਇੱਕ ਅਸਥਾਈ ਸੰਬੰਧ ਨਹੀਂ ਸੀ ਜੋ ਕਿ ਉਨ੍ਹਾਂ ਦੇ ਇੱਕਠੇ ਹੋਣ ਦੇ ਸਮੇਂ ਨਿਖਰਿਆ ਹੋਇਆ ਸੀ ਅਤੇ ਵੱਖਰੇ ਹੋ ਜਾਣ ਤੋਂ ਬਾਅਦ ਫਿੱਕਾ ਪੈ ਗਿਆ ਸੀ। ਇਹ ਇੱਕ ਜ਼ਿੰਦਗੀ ਭਰ ਦੇ ਰਿਸ਼ਤੇ ਤੋਂ ਵੀ ਵੱਧ ਕੇ ਸੀ; ਇਹ ਇੱਕ ਅਨੰਤ ਮਿੱਤਰਤਾ ਸੀ ਜੋ ਇਨ੍ਹਾਂ ਸਿੱਖਿਅਕਾਂ ਦੇ ਮਨਾਂ ਵਿੱਚ ਨਿਰੰਤਰ ਰਹਿੰਦੀ ਸੀ।

ਜਦੋਂ ਅਸੀਂ ਦੂਜਿਆਂ ਨੂੰ ਸਿੱਖਿਆ ਦਿੰਦੇ ਹਾਂ, ਜਦੋਂ ਅਸੀਂ ਆਪਣੇ ਨਾਲ ਦੇ ਮਸੀਹੀਆਂ ਨੂੰ ਸਲਾਹ ਦਿੰਦੇ ਹਾਂ, ਜਦੋਂ ਅਸੀਂ ਭਾਈਆਂ ਅਤੇ ਭੈਣਾਂ ਨੂੰ ਪਰਮੇਸ਼ੁਰ ਦੀ ਇੱਛਾ ਪੂਰੀ ਕਰਨ ਲਈ ਉਤਸ਼ਾਹਿਤ ਕਰਦੇ ਹਾਂ, ਤਾਂ ਅਸੀਂ ਅਨੰਤ ਰਿਸ਼ਤੇ ਕਾਇਮ ਕਰ ਰਹੇ ਹੁੰਦੇ ਹਾਂ। ਸਿਖਾਉਣਾ, ਸਲਾਹ ਦੇਣਾ, ਅਤੇ ਲੋਕਾਂ ਨੂੰ ਉਤਸ਼ਾਹਿਤ ਕਰਨਾ ਹੋਰ ਮਹੱਤਵਪੂਰਣ ਭਾਗ ਹਨ ਜਿਨ੍ਹਾਂ ਦੇ ਦੁਆਰਾ ਪਰਮੇਸ਼ੁਰ ਕਲੀਸਿਆ ਨੂੰ ਚਲਾਉਣਾ ਚਾਹੁੰਦਾ ਹੈ।

*ਆਓ ਪਰਮੇਸ਼ੁਰ ਦੇ ਵਚਨ ਨੂੰ ਕੰਮ ਕਰਨ ਦੇਈਏ* (2:13)। ਜਦੋਂ ਸਿੱਖਿਅਕ ਪਰਮੇਸ਼ੁਰ ਦੇ ਪਿੱਛੇ ਚੱਲਦੇ ਹਨ ਤਾਂ ਕੀ ਹੁੰਦਾ ਹੈ? ਜਦੋਂ ਵਿਦਿਆਰਥੀ ਆਪਣੇ ਅਧਿਆਪਕਾਂ ਦੇ ਪਿੱਛੇ ਇੰਝ ਚੱਲਦੇ ਹਨ ਜਿਵੇਂ ਉਹ ਪਰਮੇਸ਼ੁਰ ਦੇ ਵਚਨ ਦੇ ਪਿੱਛੇ ਚੱਲਦੇ ਹੋਣ, ਤਾਂ ਕੀ ਹੁੰਦਾ ਹੈ? ਅਦਭੁੱਤ ਚੀਜ਼ਾਂ ਵਾਪਰਦੀਆਂ ਹਨ! ਜੇਕਰ ਲੋਕ ਸਮਝ ਜਾਣ ਕਿ ਪ੍ਰਚਾਰ ਉਨ੍ਹਾਂ ਦੇ ਲਈ ਪਰਮੇਸ਼ੁਰ ਦੇ ਵੱਲੋਂ ਇੱਕ ਸੰਦੇਸ਼ ਹੈ ਅਤੇ ਵਚਨ ਦੇ ਰਾਹੀਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਪ੍ਰਤਿ ਵਚਨਬੱਧ ਕਰਨ, ਤਾਂ ਉਹ ਉਨ੍ਹਾਂ ਦੇ ਜੀਵਨਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ। ਜੀਵਨ ਅਨੰਤਤਾ ਦੇ ਲਈ ਬਦਲ ਜਾਂਦੇ ਹਨ!

1:2, 3 ਦੇ ਧੰਨਵਾਦ ਨਾਲ ਭਰੇ ਹੋਏ ਵਿਚਾਰ 2:13 ਵਿੱਚ ਦੁਬਾਰਾ ਸ਼ੁਰੂ ਹੋਏ ਅਤੇ ਫੈਲ ਗਏ। ਪੌਲੁਸ ਨੇ ਉਸ ਧੰਨਵਾਦ ਦੇ ਵਿਸ਼ੇਸ਼ ਕਾਰਣ ਦਾ ਉਲੇਖ ਕੀਤਾ ਜੋ ਉਸ ਨੇ ਅਤੇ ਉਸ ਦੇ ਹੋਰ ਸਿੱਖਿਅਕਾਂ ਨੇ ਨਿਰੰਤਰ ਪਰਮੇਸ਼ੁਰ ਨੂੰ ਦਿੱਤੇ। ਥੱਸਲੁਨੀਕੇ ਦੇ ਉਨ੍ਹਾਂ ਲੋਕਾਂ ਨੂੰ ਜਿਹੜੇ

ਮਸੀਹੀ ਹੋ ਗਏ ਸਨ ਜਿਹੜੀ ਚੀਜ਼ ਨੇ ਪ੍ਰਭਾਵਿਤ ਕੀਤਾ ਸੀ ਉਹ ਸੀ ਉਨ੍ਹਾਂ ਦੇ ਲਈ ਪਰਮੇਸ਼ੁਰ ਦਾ ਇੱਕ ਸੰਦੇਸ਼। ਇਸ ਦਾ ਅਰਥ ਹੈ ਕਿ ਸੱਚਮੁੱਚ ਪਰਮੇਸ਼ੁਰ ਉਨ੍ਹਾਂ ਦੀ ਭਲਾਈ ਦੀ ਚਿੰਤਾ ਕਰਦਾ ਸੀ ਅਤੇ ਯਿਸੂ ਦਾ ਛੁਟਕਾਰੇ ਦੇ ਕੰਮ ਦੇ ਦੁਆਰਾ ਉਸ ਨੇ ਇਸ ਨੂੰ ਸਾਬਤ ਕੀਤਾ ਸੀ। ਉਨ੍ਹਾਂ ਨੂੰ ਯਕੀਨ ਸੀ ਕਿ ਪਰਮੇਸ਼ੁਰ ਉਨ੍ਹਾਂ ਦੀ ਮਦਦ ਕਰਨਾ ਚਾਹੁੰਦਾ ਸੀ ਅਤੇ ਉਹ ਉਨ੍ਹਾਂ ਦੀ ਅਨੰਤ ਕਿਸਮਤ ਦੇ ਲਈ ਤਿਆਰੀ ਕਰ ਰਿਹਾ ਸੀ। ਸਿੱਟੇ ਵਜੋਂ, ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨਾ ਉਨ੍ਹਾਂ ਦੀ ਪਹਿਲੀ ਪ੍ਰਾਥਮਿਕਤਾ ਬਣ ਗਿਆ ਸੀ। ਉਨ੍ਹਾਂ ਨੇ ਇੰਜੀਲ ਨੂੰ ਪਰਮੇਸ਼ੁਰ ਦੇ ਉਨ੍ਹਾਂ ਲਈ ਇੱਕ ਸੰਦੇਸ਼ ਦੇ ਰੂਪ ਵਿੱਚ ਗ੍ਰਹਿਣ ਕੀਤਾ!

ਸਾਨੂੰ ਵਚਨ ਦੀ ਸਿੱਖਿਆ ਦੇ ਕੇ, ਇਸ ਦੇ ਵਿਸ਼ੇ ਵਿੱਚ ਉਤਸ਼ਾਹਿਤ ਹੋ ਕੇ ਪਰਮੇਸ਼ੁਰ ਦੇ ਵਚਨ ਨੂੰ ਆਪਣੇ ਅੰਦਰ ਕੰਮ ਕਰਨ ਦੇਣਾ ਚਾਹੀਦਾ ਹੈ, ਤਾਂ ਕਿ ਦੂਸਰੇ ਲੋਕ ਵੀ ਚਾਹੁਣ ਕਿ ਉਹ ਉਨ੍ਹਾਂ ਦੇ ਅੰਦਰ ਕੰਮ ਕਰੇ। ਜਦੋਂ ਪਰਮੇਸ਼ੁਰ ਦਾ ਵਚਨ ਕੰਮ ਕਰਦਾ ਹੈ, ਇਹ ਵਿਅਕਤੀਗਤ ਮਸੀਹੀਆਂ ਨੂੰ ਅਤੇ ਸੰਪੂਰਣ ਕਲੀਸਿਆਵਾਂ ਨੂੰ ਬਦਲ ਦੇਵੇਗਾ।

*ਵਫ਼ਾਦਾਰ ਦੇ ਪਿੱਛੇ ਚੱਲੋ* (2:14, 15)। ਭਾਵੇਂ ਇਸ ਸਮਝਣਾ ਕਿ ਸਾਡੇ ਜੀਵਨਾਂ ਦੇ ਲਈ ਪਰਮੇਸ਼ੁਰ ਦੀ ਇੱਕ ਯੋਜਨਾ ਹੈ ਇੰਜੀਲ ਨੂੰ ਉਤਸ਼ਾਹ ਦੇ ਨਾਲ ਸਵੀਕਾਰ ਕਰਨਾ ਇੱਕ ਚੀਜ਼ ਹੈ, ਪਰ ਮੁਸ਼ਕਲ ਸਥਿਤੀਆਂ ਦੇ ਵਿੱਚ ਖੁਸ਼ ਖਬਰੀ ਦੇ ਸੰਦੇਸ਼ ਦੇ ਪ੍ਰਤਿ ਵਫ਼ਾਦਾਰ ਰਹਿਣਾ ਇਕਦਮ ਅਲੱਗ ਚੀਜ਼ ਹੈ। ਇੱਕ ਨਵੇਂ ਮਸੀਹੀ ਅਤੇ ਇੱਥੋਂ ਤੱਕ ਕਿ ਸੰਭਾਵੀ ਮਸੀਹੀ ਦੇ ਲਈ ਵੀ ਅਜਿਹੇ ਪ੍ਰਸ਼ਨਾਂ ਦੇ ਉੱਤਰ ਦੇਣਾ ਚੰਗਾ ਹੈ ਜਿਵੇਂ "ਜੇਕਰ ਮੇਰਾ ਪਰਿਵਾਰ ਇਸ ਦਾ ਇਤਰਾਜ਼ ਕਰੇਗਾ ਤਾਂ ਮੈਂ ਕੀ ਕਰਾਂਗਾ?"; "ਜੇਕਰ ਮੇਰੇ ਸਹਿਕਰਮੀ ਮੇਰੀ ਵਚਨਬੱਧਤਾ ਦਾ ਮਖੌਲ ਉਡਾਉਣਗੇ ਤਾਂ ਮੈਂ ਕੀ ਕਰਾਂਗਾ?"; "ਕੀ ਮੈਂ ਸੱਚਮੁੱਚ ਇੱਕ ਅਜਿਹਾ ਜੀਵਨ ਸ਼ੁਰੂ ਕਰਨ ਵਾਲਾ ਹਾਂ ਸ਼ਤਾਨ ਜਿਸ ਨੂੰ ਨਾਸ਼ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕਰੇਗਾ?"

ਥੱਸਲੁਨੀਕੇ ਦੇ ਮਸੀਹੀਆਂ ਨੇ ਦੁੱਖ ਦੇ ਪ੍ਰਤਿ ਕੀ ਪ੍ਰਤਿਕਿਰਿਆ ਕੀਤੀ ਸੀ? ਉਨ੍ਹਾਂ ਨੇ ਸਹਿ ਲਿਆ; ਅਤੇ ਵਿਸ਼ਵਾਸਯੋਗ ਬਣੇ ਰਹੇ (2:14, 15)। ਕਈ ਦੇਸ਼ਾਂ ਵਿੱਚ ਜਨਤਕ ਅਰਾਧਨਾ ਮਨ੍ਹਾ ਹੈ। ਸ਼ਾਇਦ ਅਸੀਂ ਸੋਚੀਏ ਕਿ ਉਨ੍ਹਾਂ ਪਾਬੰਦੀਆਂ ਦੇ ਅਧੀਨ ਮਸੀਹੀ ਜੀਵਨ ਨਹੀਂ ਗੁਜ਼ਾਰਿਆ ਜਾ ਸਕਦਾ ਹੈ। ਸਾਨੂੰ ਜ਼ਰੂਰ ਇਸ ਗੱਲ ਨੂੰ ਯਾਦ ਰੱਖਣਾ ਚਾਹੀਦਾ ਹੈ, ਕਿ, ਅਸੀਂ ਕਿਸੇ ਵੀ ਹਾਲਤ ਵਿੱਚ-ਇੱਥੋਂ ਤੱਕ ਕਿ ਅੱਤਿਆਚਾਰ ਦੇ ਵਿੱਚ ਵੀ ਪਰਮੇਸ਼ੁਰ ਨੂੰ ਖੁਸ਼ ਕਰ ਸਕਦੇ ਹਾਂ।

ਇਸ ਗੱਲ ਨੂੰ ਯਾਦ ਰੱਖਦੇ ਹੋਏ ਸਾਨੂੰ ਆਪਣੀਆਂ ਆਜ਼ਾਦੀਆਂ ਦੇ ਲਈ ਪਰਮੇਸ਼ੁਰ ਦਾ ਧੰਨਵਾਦ ਕਰਨਾ ਚਾਹੀਦਾ ਹੈ, ਕਿ ਕੁੱਝ ਲੋਕਾਂ ਨੂੰ ਉਨ੍ਹਾਂ ਦੇ ਵਿਸ਼ਵਾਸ ਦੇ ਕਾਰਣ ਸਤਾਇਆ ਜਾਂਦਾ ਹੈ ਅਤੇ ਪਰਮੇਸ਼ੁਰ ਸਾਡੇ ਕੋਲੋਂ ਮੰਗ ਕਰਦਾ ਹੈ ਕਿ ਅਸੀਂ ਹਰ ਹਾਲਤ ਵਿੱਚ ਵਿਸ਼ਵਾਸਯੋਗ ਰਹੀਏ! ਦੁੱਖਾਂ ਦੇ ਕਾਰਣ ਪਰਮੇਸ਼ੁਰ ਦੀ ਸੇਵਾ ਕਰਨਾ ਛੱਡ ਦੇਣ ਦੇ ਪਰਤਾਵੇ ਦਾ ਸਾਨੂੰ ਜ਼ਰੂਰ ਵਿਰੋਧ ਕਰਨਾ ਚਾਹੀਦਾ ਹੈ। ਮਿੱਤਰਾਂ, ਰਿਸ਼ਤੇਦਾਰਾਂ ਜਾਂ ਇੱਥੋਂ ਤੱਕ ਕਿ ਭਾਈਆਂ ਦੁਆਰਾ ਕੀਤੀ ਗਈ ਤੁੱਛਤਾ ਜਾਂ ਵਿਰੋਧ ਸਾਨੂੰ ਵਿਸ਼ਵਾਸਯੋਗ ਰਹਿਣ ਤੋਂ ਰੋਕ ਨਹੀਂ ਸਕਦੇ ਹਨ। ਭਾਵੇਂ ਸਾਨੂੰ ਆਪਣੇ ਵਿਸ਼ਵਾਸ ਦੇ ਲਈ ਨਜ਼ਰਅੰਦਾਜ਼ ਕੀਤਾ ਜਾਵੇ, ਸਾਡਾ ਮਜ਼ਾਕ ਉਡਾਇਆ ਜਾਵੇ, ਜਾਂ ਅਪਸ਼ਬਦ ਸੁਣਨੇ ਪੈਣ, ਆਓ ਨਿਰੰਤਰ ਪਰਮੇਸ਼ੁਰ ਦੀ ਸੇਵਾ ਕਰਦੇ ਹੋਏ ਵਿਸ਼ਵਾਸਯੋਗ ਦੇ ਨਕਸ਼ੇ ਕਦਮਾਂ ਤੇ ਚੱਲਦੇ ਰਹੀਏ।

*ਵਿਰੋਧੀ ਧਿਰ ਦੀ ਉਮੀਦ* (2:15, 16)। ਜਿਹੜੇ ਪਰਮੇਸ਼ੁਰ ਦੇ ਵਿਸ਼ਵਾਸਯੋਗਾਂ ਤੇ ਅੱਤਿਆਚਾਰ ਕਰਦੇ ਹਨ ਉਹ ਪਰਮੇਸ਼ੁਰ ਦਾ ਵਿਰੋਧ ਕਰਦੇ ਹਨ, ਇਸ ਦੇ ਨਾਲ ਨਾਲ ਉਹ

ਸਾਰੇ ਲੋਕਾਂ ਦੇ ਭਲੇ ਦਾ ਵੀ ਵਿਰੋਧ ਕਰ ਰਹੇ ਹਨ। ਸੰਤਾਂ ਲਈ ਰੁਕਾਵਟ ਪੈਦਾ ਕਰਨ ਲਈ, ਉਨ੍ਹਾਂ ਦਾ ਸੰਦੇਸ਼ ਹੈ ਕਿ ਸ਼ਤਾਨ ਦਾ ਰਾਹ ਵਧੀਆ ਹੈ ਅਤੇ ਜੋ ਪਰਮੇਸ਼ੁਰ ਦਾ ਰਾਹ ਹੈ ਉਹ ਬਹੁਤ ਹੀ ਔਖਾ ਹੈ। ਇਸ ਲਈ, ਜੋ ਸੰਦੇਸ਼ ਉਹ ਮਸੀਹੀ ਅਤੇ ਗੈਰ ਮਸੀਹੀ ਦੋਵਾਂ ਦੇ ਲਈ ਭੇਜਦੇ ਹਨ ਉਹ ਇੱਕ ਅਜਿਹਾ ਸੰਦੇਸ਼ ਹੈ ਜੋ ਸ਼ਤਾਨ ਦਾ ਕੰਮ ਕਰਨ ਦੇ ਉਤਸ਼ਾਹ ਦਿੰਦਾ ਹੈ ਨਾ ਕਿ ਉਪ ਕੰਮ ਜੋ ਪਰਮੇਸ਼ੁਰ ਚਾਹੁੰਦਾ ਹੈ।

ਸਾਨੂੰ ਵਿਰੋਧਤਾ ਦੀ ਆਸ ਕਰਨੀ ਚਾਹੀਦੀ ਹੈ। ਜਿਵੇਂ ਜਦੋਂ ਅਸੀਂ ਉਹ ਕੰਮ ਕਰਦੇ ਹਾਂ ਜੋ ਉਹ ਚਾਹੁੰਦਾ ਹੈ ਤਾਂ ਪਰਮੇਸ਼ੁਰ ਖੁਸ਼ ਹੁੰਦਾ ਹੈ, ਉਸੇ ਤਰ੍ਹਾਂ ਸ਼ਤਾਨ ਨਾਰਾਜ਼ ਹੁੰਦਾ ਹੈ। ਉਹ ਉਸ ਹਰ ਚੰਗੇ ਵਿਚਾਰ ਦਾ ਜੋ ਤੁਸੀਂ ਸੋਚਦੇ ਹੋ, ਪਰ ਚੰਗੇ ਸ਼ਬਦ ਦਾ ਜੋ ਤੁਸੀਂ ਬੋਲਦੇ ਹੋ, ਅਤੇ ਹਰੇਕ ਚੰਗੇ ਕੰਮ ਦਾ ਜੋ ਤੁਸੀਂ ਕਰਦੇ ਹੋ ਵਿਰੋਧ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਉਨ੍ਹਾਂ ਚੰਗੀਆਂ ਗਤੀਵਿਧੀਆਂ ਦਾ ਵਿਰੋਧ ਕਰਨ ਦੇ ਲਈ ਕਿਸੇ ਵੀ ਵਿਅਕਤੀ ਨੂੰ ਜਿਸ ਨੂੰ ਉਹ ਇਸਤੇਮਾਲ ਕਰਨਾ ਚਾਹੁੰਦਾ ਹੈ ਇਸਤੇਮਾਲ ਕਰੇਗਾ। ਜਦੋਂ ਸ਼ਤਾਨ ਤੁਹਾਡਾ ਵਿਰੋਧ ਕਰਦਾ ਹੈ ਤਾਂ ਹੈਰਾਨ ਨਾ ਹੋਵੋ। ਤੁਸੀਂ ਇਸ ਦੀ ਆਸ ਕਰ ਸਕਦੇ ਹੋ!

ਭਾਵੇਂ ਪਾਪ ਕਈ ਤਰ੍ਹਾਂ ਦੇ ਨਾਲ ਆਕਰਸ਼ਕ ਹੁੰਦਾ ਹੈ, ਪਰ ਇਸ ਦਾ ਪਰਿਣਾਮ ਹਮੇਸ਼ਾ ਮੌਤ, ਜਾਂ ਪਰਮੇਸ਼ੁਰ ਤੋਂ ਜੁਦਾਈ ਹੁੰਦਾ ਹੈ, ਕਿਉਂਕਿ "ਪਾਪ ਦੀ ਮਜ਼ਦੂਰੀ ਤਾਂ ਮੌਤ ਹੈ" (ਰੋਮੀਆਂ 6:23)। ਕਈ ਵਾਰ ਅਸੀਂ ਪਾਪ ਦੇ ਘਾਤਕ ਪਰਿਣਾਮਾਂ ਨੂੰ ਭੁੱਲ ਜਾਂਦੇ ਹਾਂ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਉਹ ਪਾਪ ਤੋਂ ਭੱਜ ਸਕਣਗੇ, ਅਤੇ ਉਸ ਦੇ ਬੁਰੇ ਨਤੀਜੇ ਨਹੀਂ ਨਿਕਲਣਗੇ। ਸਾਡਾ ਪਾਪ ਮੌਤ ਦਾ ਕਾਰਣ ਹੈ-ਪਰਮੇਸ਼ੁਰ ਦੇ ਪੁੱਤਰ ਦੀ ਮੌਤ ਦਾ। ਜੋ ਕਿ ਗੰਭੀਰ ਗੱਲ ਹੈ। ਪਰਮੇਸ਼ੁਰ ਦੇ ਰਾਹਾਂ ਦੇ ਇਸ ਜੀਵਨ ਵਿੱਚ ਲਾਭ ਹਨ ਅਤੇ ਪਰਮੇਸ਼ੁਰ ਦੇ ਨਾਲ ਅਨੰਤ ਜੀਵਨ ਦੇ ਰੂਪ ਵਿੱਚ ਚੰਗੇ ਪਰਿਣਾਮ ਵੀ ਹਨ। ਜੇਕਰ ਅਸੀਂ ਮਸੀਹੀ ਜੀਵਨ ਜਿਉਂਦੇ ਹਾਂ ਤਾਂ ਅਸੀਂ ਵਿਰੋਧ ਦੀ ਉਮੀਦ ਕਰ ਸਕਦੇ ਹਾਂ, ਪਰ ਇਸ ਦੇ ਨਾਲ ਨਾਲ ਅਸੀਂ ਪਰਮੇਸ਼ੁਰ ਅਤੇ ਉਸ ਦੇ ਲੋਕਾਂ ਦੇ ਨਾਲ ਅਨੰਤ ਖੁਸ਼ੀ ਦੀ ਵੀ ਉਮੀਦ ਕਰ ਸਕਦੇ ਹਾਂ।

*ਭਾਈਆਂ ਦੇ ਨਾਲ ਪਿਆਰ ਕਰੋ* (2:17, 18)। ਜਦਕਿ ਕੁਝ ਲੋਕ ਥੱਸਲੁਨੀਕੀਆਂ ਦੇ ਮਸੀਹੀਆਂ ਦੇ ਆਪਣੇ ਆਸ-ਪਾਸ ਹੋਣ ਤੋਂ ਨਫ਼ਰਤ ਕਰਦੇ ਸਨ, ਪਰ ਦੂਜੇ ਲੋਕ ਉਨ੍ਹਾਂ ਦੇ ਨਾਲ ਰਹਿਣ ਤੋਂ ਖੁਸ਼ ਸਨ। ਕੁੱਝ ਲੋਕ ਉਨ੍ਹਾਂ ਦਿਆਂ ਕੰਮਾਂ ਦਾ ਵਿਰੋਧ ਕਰਦੇ ਸਨ, ਜਦਕਿ ਦੂਸਰੇ ਉਨ੍ਹਾਂ ਦੇ ਕੰਮਾਂ ਤੋਂ ਖੁਸ਼ ਸਨ। ਇਨ੍ਹਾਂ ਭਾਈਆਂ ਤੋਂ ਵੱਖਰੇ ਕਰ ਦਿੱਤੇ ਜਾਣ ਦੇ ਕਾਰਣ, ਪੌਲੁਸ, ਸਿਲਾਸ, ਅਤੇ ਤਿਮੋਥਿਉਸ ਫਿਰ ਤੋਂ ਉਨ੍ਹਾਂ ਨੂੰ ਵੇਖਣਾ ਚਾਹੁੰਦੇ ਸਨ; ਅਤੇ ਉਹ ਉਨ੍ਹਾਂ ਨੂੰ ਇਸ ਦੇ ਬਾਰੇ ਦਸ ਦੇਣਾ ਚਾਹੁੰਦੇ ਸਨ।

ਸਾਡੀ ਗੱਲ ਬਾਤ ਵਿੱਚ ਅਤੇ ਸਾਡੇ ਪੱਤਰਾਂ ਵਿੱਚ ਸ਼ਾਮਲ ਕਰਨ ਦੇ ਲਈ ਇੱਥੇ ਇੱਕ ਹੋਰ ਬਹੁਤ ਹੀ ਕੀਮਤੀ ਸੰਦੇਸ਼ ਹੈ ਜੋ ਹੋਰਨਾਂ ਸਥਾਨਾਂ ਤੇ ਪਾਏ ਜਾਣ ਵਾਲੇ ਸਾਡੇ ਭਾਈਆਂ ਨੂੰ ਉਤਸ਼ਾਹਿਤ ਕਰਨ ਵਾਲਾ ਹੈ: ਸਾਨੂੰ ਉਨ੍ਹਾਂ ਦੀ ਯਾਦ ਆਉਂਦੀ ਹੈ ਅਤੇ ਅਸੀਂ ਉਨ੍ਹਾਂ ਦੇ ਨਾਲ ਰਹਿਣਾ ਚਾਹੁੰਦੇ ਹਾਂ। ਪਿਆਰ, ਸ਼ਰਧਾ, ਅਤੇ ਪ੍ਰੀਤਿ ਇਹ ਸਭ ਮਸੀਹੀ ਸੰਗਤੀ ਦੇ ਹਿੱਸੇ ਹਨ। ਇਸ ਪ੍ਰੇਮ ਨੂੰ ਵਿਖਾਉਣਾ ਅਤੇ ਵਿਅਕਤ ਕਰਨਾ ਇਸ ਰਵੱਈਏ ਅਤੇ ਭਾਵਨਾਵਾਂ ਦਾ ਕੁਦਰਤੀ ਵਿਸਥਾਰ ਹੋਵੇਗਾ। ਸਾਨੂੰ ਆਪਣੇ ਭੈਣਾਂ ਭਰਾਵਾਂ ਨੂੰ ਪਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਇਸ ਬਾਰੇ ਦੱਸਣਾ ਚਾਹੀਦਾ ਹੈ!

ਵਿਰੋਧ ਸਾਨੂੰ ਆਪਣੇ ਪ੍ਰੇਮ ਨੂੰ ਉਸ ਤਰੀਕੇ ਦੇ ਨਾਲ ਵਿਅਕਤ ਕਰਨ ਤੋਂ ਰੋਕ ਸਕਦਾ ਹੈ ਜਿਵੇਂ ਅਸੀਂ ਉਸ ਨੂੰ ਵਿਅਕਤ ਕਰਨਾ ਚਾਹੁੰਦੇ ਹਾਂ। ਸਾਨੂੰ ਮੁਸ਼ਕਲਾਂ ਨੂੰ ਇਹ ਇਜ਼ਾਜਤ

ਨਹੀਂ ਦੇਣੀ ਚਾਹੀਦੀ ਕਿ ਉਹ ਸਾਨੂੰ ਉਹ ਕਰਨ ਤੋਂ ਰੋਕ ਸਕਣ ਜੋ ਅਸੀਂ ਕਰ ਸਕਦੇ ਹਾਂ। ਮਸੀਹੀਆਂ ਦੇ ਲਈ, ਜਿੱਥੇ ਜੀਵਨ ਹੈ ਉੱਥੇ ਪ੍ਰੇਮ ਹੈ!

*ਪੁਨਰ-ਮਿਲਣ ਦੀ ਉਮੀਦ* (2:19, 20)। ਮਸੀਹੀਆਂ ਦੇ ਲਈ, ਕੋਈ ਵੀ ਝਟਕਾ ਅਸਥਾਈ ਹੈ, ਕਿਉਂਕਿ ਆਖਿਰਕਾਰ ਸਾਰੀਆਂ ਸਮੱਸਿਆਵਾਂ ਦੂਰ ਕੀਤੀਆਂ ਜਾਣਗੀਆਂ। ਯਿਸੂ ਸਾਰਿਆਂ ਦਾ ਪ੍ਰਭੂ ਹੈ ਅਤੇ ਉਹ ਸਾਰੇ ਦੁਸ਼ਮਣਾਂ ਨੂੰ ਖਤਮ ਕਰ ਦੇਵੇਗਾ-ਇੱਥੋਂ ਤੱਕ ਕਿ ਮੌਤ ਨੂੰ ਵੀ (1 ਕੁਰਿੰਥੀਆਂ 15:23–26)। ਪਰਮੇਸ਼ੁਰ ਦੇ ਹੋਰਨਾਂ ਵਿਸ਼ਵਾਸਯੋਗ ਬੱਚਿਆਂ ਤੋਂ ਜੁਦਾਈ ਅਸਥਾਈ ਰੂਪ ਦੇ ਵਿੱਚ ਹੀ ਹੋ ਸਕਦੀ ਹੈ, ਕਿਉਂਕਿ ਆਪਣੇ ਨਾਲ ਦੇ ਮਸੀਹੀਆਂ ਅਤੇ ਯਿਸੂ ਦੇ ਨਾਲ ਇੱਕ ਮਹਾਨ ਪੁਨਰ-ਮਿਲਣ ਸਾਡਾ ਇੰਤਜ਼ਾਰ ਕਰ ਰਿਹਾ ਹੈ।

ਅਧਿਆਇ 2 ਦਾ ਅੰਤ ਯਿਸੂ ਦੀ ਆਮਦ ਤੇ ਕੇਂਦ੍ਰਿਤ ਹੈ। ਇਹ ਸੁਸਤ ਅਤੇ ਭਟਕ ਰਹੇ ਮਸੀਹੀਆਂ ਦੇ ਉੱਤੇ ਚੇਤਾਵਨੀ ਦੀ ਇੱਕ ਵੱਡੀ ਸੋਟੀ ਦਾ ਘੁੰਮਣਾ ਨਹੀਂ ਸੀ। ਯਿਸੂ ਦੇ ਆਉਣ ਦਾ ਹਵਾਲਾ ਇਨ੍ਹਾਂ ਮਸੀਹੀਆਂ ਦੇ ਕੋਲ ਪਾਰ ਜਾ ਕੇ ਉਨ੍ਹਾਂ ਦੇ ਬਾਰੇ ਉਨ੍ਹਾਂ ਦੇ ਸਿੱਖਿਅਕਾਂ ਦੀਆਂ ਸ਼ਕਤੀਸ਼ਾਲੀ ਭਾਵਨਾਵਾਂ ਦੇ ਦੁਆਰਾ ਉਤਸ਼ਾਹ ਦੇਣ ਦੇ ਇੱਕ ਸਾਧਨ ਦੇ ਤੌਰ ਤੇ ਦਿੱਤਾ ਗਿਆ ਸੀ। ਯਿਸੂ ਦੀ ਆਮਦ ਉਨ੍ਹਾਂ ਲਈ ਪੁਨਰ-ਮਿਲਣ ਦਾ ਮੌਕਾ ਹੋਵੇਗਾ।

ਇਹ ਸਿੱਖਿਅਕ ਕੀ ਕਹਿ ਰਹੇ ਸਨ? "ਯਿਸੂ ਦੁਬਾਰਾ ਵਾਪਸ ਆ ਰਿਹਾ ਹੈ! ਅਸੀਂ ਉਸ ਦੇ ਬਾਰੇ ਉਤਸ਼ਾਹਿਤ ਹਾਂ! ਕਿਉਂ? ਅਸੀਂ ਤੁਹਾਨੂੰ ਵੇਖਾਂਗੇ ਅਤੇ ਅਨੰਤ ਕਾਲ ਤੱਕ ਤੁਹਾਡੇ ਨਾਲ ਰਹਾਂਗੇ! ਅਸੀਂ ਚਾਹੁੰਦੇ ਹਾਂ ਕਿ ਤੁਸੀਂ ਜਾਣੋ ਕਿ ਅਸੀਂ ਤੁਹਾਡੇ ਬਾਰੇ ਕੀ ਮਹਿਸੂਸ ਕਰਦੇ ਹਾਂ, ਅਸੀਂ ਲਿਖ ਰਹੇ ਹਾਂ ਤਾਂ ਕਿ ਤੁਸੀਂ ਜਾਣੋ!"

ਜਦੋਂ ਅਸੀਂ ਆਪਣੇ ਨਾਲ ਦੇ ਮਸੀਹੀਆਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਹ ਸਾਡੇ ਲਈ ਕਿੰਨੀ ਮਹਾਨ ਉਦਾਹਰਣ ਹੈ। ਇਹ ਸਾਡੇ ਵਿਦਿਆਰਥੀਆਂ ਦੇ ਲਈ ਕਿੰਨੀ ਉਤਸ਼ਾਹ ਦੀ ਗੱਲ ਹੋਵੇਗੀ ਜੇਕਰ ਅਸੀਂ ਆਪਣੇ ਵਿਦਿਆਰਥੀਆਂ ਨੂੰ ਕਹੀਏ ਕਿ "ਮੈਂ ਸਵਰਗ ਵਿੱਚ ਤੁਹਾਡੇ ਨਾਲ ਰਹਿਣ ਦੀ ਉਡੀਕ ਕਰ ਰਿਹਾ ਹਾਂ!" ਇੱਕ ਅਜਿਹੇ ਭਾਈ ਜਾਂ ਭੈਣ ਦਾ ਹੋਣਾ ਕਿੰਨੇ ਉਤਸ਼ਾਹ ਦੀ ਗੱਲ ਹੋਵੇਗੀ ਜੋ ਸਾਨੂੰ ਕਹੇ, "ਮੈਂ ਚਾਹੁੰਦਾ ਹਾਂ ਕਿ ਯਿਸੂ ਵਾਪਸ ਆਵੇ ਤਾਂ ਕਿ ਮੈਂ ਸਦਾ ਸਦਾ ਦੇ ਲਈ ਤੁਹਾਡੇ ਨਾਲ ਰਹਿ ਸਕਾਂ!"

*ਸਿੱਟਾ।* ਕਲੀਸੀਆ ਮਜ਼ਬੂਤ ਬਣੇਗੀ ਜੇਕਰ ਇਸ ਦੇ ਸਿਖਾਉਣ ਵਾਲੇ ਵਿਦਿਆਰਥੀਆਂ ਦੇ ਨਾਲ ਆਪਣੇ ਸੰਬੰਧਾਂ ਦੇ ਵਿਸ਼ੇ ਵਿੱਚ ਚਿੰਤਿਤ ਹੋਣ। ਸਿੱਖਿਅਕ ਉਤਸ਼ਾਹਿਤ ਹੋਣਗੇ ਜੇਕਰ ਵਿਦਿਆਰਥੀ ਉਨ੍ਹਾਂ ਨੂੰ ਇਹ ਗੱਲ ਦੱਸ ਦੇਣ ਕਿ ਉਹ ਉਨ੍ਹਾਂ ਦੀਆਂ ਚੰਗੀਆਂ ਉਦਾਹਰਣਾਂ ਦੇ ਅਨੁਸਾਰ ਚੱਲਣਾ ਚਾਹੁੰਦੇ ਹਨ। ਸੰਗੀ ਮਸੀਹੀ ਮੁਸ਼ਕਲ ਹਾਲਾਤਾਂ ਦੇ ਬਾਵਜੂਦ ਦੂਜਿਆਂ ਦੇ ਵਿੱਚ ਵਿਸ਼ਵਾਸਯੋਗਤਾ ਨੂੰ ਵੇਖ ਕੇ ਉਤਸ਼ਾਹ ਪ੍ਰਾਪਤ ਕਰਣਗੇ।

ਇਹ ਆਇਤਾਂ ਸਾਨੂੰ ਮਸੀਹੀਆਂ ਦੇ ਵਿਚਕਾਰ ਇੱਕ ਮਜ਼ਬੂਤ ਸੰਬੰਧ ਦੇ ਵਿਕਾਸ ਅਤੇ ਸੰਭਾਲ ਦੀ ਇੱਕ ਅੰਤਰਦ੍ਰਿਸ਼ਟੀ ਦਿੰਦੀਆਂ ਹਨ। ਜਦੋਂ ਅਸੀਂ ਪਰਮੇਸ਼ੁਰ ਦੇ ਪਰਿਵਾਰ ਨੂੰ ਆਪਣਾ ਪਰਿਵਾਰ ਬਣਾਉਂਦੇ ਹਾਂ, ਤਾਂ ਇਸ ਤਜ਼ਰਬੇ ਦਾ ਅਨੰਦ ਸਾਡਾ ਆਪਣਾ ਹੋ ਸਕਦਾ ਹੈ। TP

## ਪਰਮੇਸ਼ੁਰ ਦੇ ਲਈ ਦੁੱਖ ਝੱਲਣਾ (2:14-16)

ਥੱਸਲੁਨੀਕੇ ਦੇ ਲੋਕਾਂ ਨੇ ਪਰਮੇਸ਼ੁਰ ਦੇ ਪ੍ਰਤਿ ਆਪਣੇ ਸਮਰਪਣ ਦੇ ਕਾਰਣ ਦੁੱਖ ਉਠਾਇਆ, ਪਰ ਉਹ ਚੰਗੇ ਦਿਲ ਦੇ, ਬਿਨਾਂ ਪਿੱਛੇ ਹਟੇ ਰਹਿਣ ਵਾਲੇ ਸਨ। ਆਇਤਾਂ 14 ਤੋਂ

16 ਤੱਕ ਇਸ ਗੱਲ ਦਾ ਵਰਣਨ ਕਰਦੀਆਂ ਹਨ ਕਿ ਜੇਕਰ ਕੋਈ ਪ੍ਰਤਿਕੂਲ ਵਾਤਾਵਰਣ ਵਿੱਚ ਰਹਿੰਦਾ ਹੈ ਤਾਂ ਉਸ ਦੇ ਲਈ ਮਸੀਹ ਦੀ ਸੇਵਾ ਕਰਨਾ ਕਿੰਨਾ ਔਖਾ ਹੈ।

ਥੱਸਲੁਨੀਕੇ ਦੇ ਲੋਕ "ਪਰਮੇਸ਼ੁਰ ਦੀਆਂ ਓਹਨਾਂ ਕਲੀਸਿਯਾਂ ਵਰਗੇ ਹੋਏ ਹੋ . . . , ਆਪਣੀ [ਆਪਣੀ] ਕੌਮ ਵਾਲਿਆਂ ਦੇ ਹੱਥੋਂ ਓਹੋ ਦੁਖ ਝੱਲੇ [ਰਹੇ ਹਨ]" (ਆਇਤ 14)। ਫਲਿਸਤੀਨ ਦੇ ਮਸੀਹੀ ਲੋਕਾਂ ਨੂੰ ਗੈਰ-ਮਸੀਹੀ ਯਹੂਦੀਆਂ ਦੇ ਹੱਥੋਂ ਦੁਖ ਝੱਲਣਾ ਪਿਆ (ਵੇਖੋ ਰਸੂਲਾਂ ਦੇ ਕਰਤੱਬ 5:27–42; 8)। ਥੱਸਲੁਨੀਕੇ ਦੇ ਲੋਕਾਂ ਨੇ ਆਪਣੇ "ਦੇਸ਼ ਵਾਸੀਆਂ," ਗੈਰ ਕੌਮਾਂ ਦੇ ਕੋਲੋਂ ਦੁੱਖ ਝੱਲਿਆ, ਪਰ ਇਸ ਨੂੰ ਯਹੂਦੀਆਂ ਦੇ ਦੁਆਰਾ ਭੜਕਾਇਆ ਜਾਂਦਾ ਸੀ (ਰਸੂਲਾਂ ਦੇ ਕਰਤੱਬ 17:1–10)।

ਪੌਲੁਸ ਨੇ ਬੜੀ ਬੁਰੀ ਤਰ੍ਹਾਂ ਦੇ ਨਾਲ ਉਨ੍ਹਾਂ ਗੈਰ-ਮਸੀਹੀ ਯਹੂਦੀਆਂ ਦੀ ਨਿੰਦਾ ਕੀਤੀ ਸੀ ਜਿਨ੍ਹਾਂ ਨੇ ਮਸੀਹੀਆਂ ਨੂੰ ਸਤਾਇਆ ਸੀ (ਆਇਤਾਂ 15, 16)। ਹਾਲਾਂਕਿ ਉਹ ਆਪਣੇ ਸਾਥੀ ਭਰਾਵਾਂ ਨਾਲ ਪਿਆਰ ਕਰਦਾ ਸੀ (ਰੋਮੀਆਂ 9:1–4), ਤਾਂ ਵੀ ਪੌਲੁਸ ਨੇ ਕਲੀਸੀਆ ਉੱਤੇ ਉਨ੍ਹਾਂ ਦੇ ਅੱਤਿਆਚਾਰ ਦੀ ਨਿੰਦਾ ਕੀਤੀ। ਉਨ੍ਹਾਂ ਨੇ ਇਸ ਤੱਥ ਦੇ ਬਾਵਜੁਦ ਕਿ ਪਿਲਾਤੁਸ ਨੇ ਉਸ ਦੇ ਅੰਦਰ ਕੋਈ ਦੋਸ਼ ਨਹੀਂ ਪਾਇਆ, ਇਸ ਗੱਲ ਤੇ ਜ਼ੋਰ ਦੇ ਕੇ ਕਿ ਰੋਮੀਆਂ ਨੇ ਉਸ ਨੂੰ ਸਲੀਬ ਚੜ੍ਹਾ ਦਿੱਤਾ ਸੀ, "ਪ੍ਰਭੂ ਯਿਸੂ ਨੂੰ ਮਾਰ ਦਿੱਤਾ" (ਮੱਤੀ 27:15–26; ਰਸੂਲਾਂ ਦੇ ਕਰਤੱਬ 2:22–24)। ਉਨ੍ਹਾਂ ਦੇ ਕੋਲ ਪੁਰਾਣੇ ਨੇਮ ਦੇ ਨਬੀਆਂ ਨੂੰ . . . ਮਾਰਨ ਦਾ ਰਿਕਾਰਡ ਸੀ" (ਵੇਖੋ ਮੱਤੀ 23:29–32; ਲੂਕਾ 11:47–51; ਰਸੂਲਾਂ ਦੇ ਕਰਤੱਬ 7:51, 52)। ਪੌਲੁਸ ਨੇ ਇਸ ਗੱਲ ਦਾ ਹਵਾਲਾ ਦਿੱਤਾ ਕਿ ਜਦੋਂ ਕਲੀਸੀਆ ਲੱਭਣ ਤੋਂ ਪਹਿਲਾਂ ਉਹ ਥੱਸਲੁਨੀਕੇ ਵਿੱਚ ਸੀ ਉਨ੍ਹਾਂ ਨੇ "[ਉਸ ਨੂੰ] ਬਾਹਰ ਕੱਢ ਦਿੱਤਾ" (ਰਸੂਲਾਂ ਦੇ ਕਰਤੱਬ 17:1–9)। ਉਹ "ਸਾਰਿਆਂ ਦੇ ਲਈ ਪ੍ਰਤਿਕੂਲ ਸਨ," ਦੂਜਿਆਂ ਨੂੰ "ਗੈਰ ਯਹੂਦੀਆਂ ਦੇ ਨਾਲ ਗੱਲਬਾਤ ਕਰਨ ਤੋਂ ਕਿ ਉਹ ਬਚਾਏ ਜਾਣ" ਰੋਕਦੇ ਸਨ (ਵੇਖੋ ਰਸੂਲਾਂ ਦੇ ਕਰਤੱਬ 13:42–45; 22:21, 22)।

ਆਪਣੇ ਵਿਹਾਰ ਦੇ ਕਾਰਣ, "ਓਹਨਾਂ ਦੇ ਪਾਪਾਂ ਦਾ ਪੈਮਾਨਾ ਸਦਾ ਭਰਿਆ ਰਹੇ," ਜਾਂ ਜਿਵੇਂ NIV ਕਹਿੰਦੀ ਹੈ, "ਹੱਦ ਤੱਕ ਆਪਣੇ ਪਾਪਾਂ ਦਾ ਢੇਰ ਲਗਾਉਣਾ" ਉਹ ਪਰਮੇਸ਼ੁਰ ਨੂੰ "ਭਾਉਂਦੇ ਨਹੀਂ ਸਨ," ਪਰ "ਓਹਨਾਂ ਦੇ ਉੱਤੇ ਬੇਹੱਦ ਕ੍ਰੋਧ ਆਣ ਪਿਆ ਹੈ" (ਆਇਤ 16)। ਉਨ੍ਹਾਂ ਦੇ ਵਿਦ੍ਰੋਹ ਦੇ ਵਿਰੁੱਧ ਪਰਮੇਸ਼ੁਰ ਦੀਆਂ ਸਖਤ ਭਾਵਨਾਵਾਂ ਸਨ, ਪਰ ਆਇਤ 16 ਦੇ ਵਿੱਚ "ਕ੍ਰੋਧ" ਦਾ ਅਰਥ ਉਹ ਸਜ਼ਾ ਹੈ ਜੋ ਉਹ ਭਾਵਨਾਵਾਂ ਲਿਆਉਂਦੀਆਂ ਹਨ (ਵੇਖੋ ਪਰਕਾਸ਼ ਦੀ ਪੋਥੀ 20:10)। ਪੌਲੁਸ ਨੇ ਲਿਖਿਆ "ਆ ਗਿਆ" ਭੂਤ ਕਾਲ ਵਿੱਚ ਹੈ ਕਿਉਂਕਿ ਪਰਮੇਸ਼ੁਰ ਦਾ ਨਿਆਂ ਨਿਸ਼ਚਤ ਸੀ ਜਿਵੇਂ ਇਹ ਪਹਿਲਾਂ ਤੋਂ ਹੀ ਮਲੂਮ ਹੋਵੇ। ਬਾਅਦ ਵਿੱਚ ਇਤਿਹਾਸ ਨੇ ਪਰਗਟ ਕੀਤਾ ਕਿ 70 ਈ. ਵਿੱਚ, ਯਰੁਸ਼ਲਮ ਨਾਸ਼ ਕੀਤਾ ਜਾਵੇਗਾ। ਇਸ ਸਮੇਂ ਉਨ੍ਹਾਂ ਦੇ ਉੱਤੇ ਪਰਮੇਸ਼ੁਰ ਦੀ ਸਜ਼ਾ ਇੱਕ ਅੰਸ਼ ਵਿੱਚ ਆਈ ਸੀ। ਇਸ ਤੋਂ ਵੀ ਵੱਡੀ ਸਜ਼ਾ ਅੰਤਿਮ ਨਿਆਂ ਦੇ ਸਮੇਂ ਵਿਦ੍ਰੋਹੀਆਂ ਦਾ ਇੰਤਜ਼ਾਰ ਕਰ ਰਹੀ ਹੈ!

ਕੀ ਅੱਜ ਅਸੀਂ ਮਸੀਹ ਦੇ ਲਈ ਦੁੱਖ ਝੱਲਣ ਦੇ ਲਈ ਤਿਆਰ ਹਾਂ? ਕਈਆਂ ਦੇਸ਼ਾਂ ਵਿੱਚ ਮਸੀਹੀ ਆਪਣੇ ਵਿਸ਼ਵਾਸ ਦੇ ਲਈ ਸਰੀਰਕ ਦੁੱਖ ਉਠਾ ਰਹੇ ਹਨ। ਸ਼ਾਇਦ ਅਮਰੀਕਾ ਵਿੱਚ, ਸਾਡੇ ਉੱਤੇ ਸਰੀਰਕ ਹਿੰਸਾ ਨਹੀਂ ਹੋ ਸਕਦੀ ਹੈ, ਪਰ ਹੋਰ ਦੁਰਵਿਹਾਰ ਹੋ ਸਕਦੇ ਹਨ। ਚੰਗੇ ਦਿਲ ਦੇ ਲੋਕਾਂ ਨੂੰ ਮਸੀਹ ਦੀ ਖਾਤਰ ਦੁੱਖ ਉਠਾਉਂਦੇ ਮਜ਼ਬੂਤ ਰਹਿਣਾ ਚਾਹੀਦਾ ਹੈ। EE

**ਅੱਤਿਆਚਾਰ ਦੇ ਵਿਸ਼ੇ ਵਿੱਚ ਸੱਚਿਆਈ (2:14-16)**

ਜਦੋਂ ਪੌਲੁਸ ਉਨ੍ਹਾਂ ਨੂੰ ਛੱਡ ਗਿਆ ਸੀ ਤਾਂ ਥੱਸਲੁਨੀਕੇ ਦੇ ਲੋਕਾਂ ਦਾ ਜੀਵਨ ਵਿੱਚ ਉੱਥਲ–ਪੁਥਲ ਮਚ ਗਈ ਸੀ। ਜਦੋਂ ਉਨ੍ਹਾਂ ਨੇ ਮਸੀਹੀ ਜੀਵਨ ਵਿੱਚ ਸਥਾਈ ਰੂਪ ਦੇ ਨਾਲ ਵਾਸ ਕਰਨਾ ਸ਼ੁਰੂ ਕੀਤਾ, ਤਾਂ ਉਨ੍ਹਾਂ ਨੂੰ ਵਿਰੋਧਤਾ ਦੀਆਂ ਅਸ਼ਾਂਤ ਹਵਾਵਾਂ ਦਾ ਸਾਹਮਣਾ ਕਰਨਾ ਪਿਆ। ਤੁਰੰਤ ਅੱਤਿਆਚਾਰ ਦਾ ਇੱਕ ਤੂਫ਼ਾਨ ਆਇਆ। ਆਤਮਿਕ ਤੌਰ ਤੇ ਜਵਾਨ ਹੋਣ ਦੇ ਕਾਰਣ, ਉਹ ਪੌਲੁਸ ਦੇ ਵਾਂਗ ਅੱਤਿਆਚਾਰ ਨਾਲ ਨਜਿੱਠ ਨਾ ਸਕੇ; ਪਰ ਉਨ੍ਹਾਂ ਨੇ ਚੰਗੇ ਤਰੀਕੇ ਦੇ ਨਾਲ ਦੁੱਖਾਂ ਨੂੰ ਸਹਿ ਲਿਆ ਸੀ। ਉਨ੍ਹਾਂ ਦੇ ਵਿਸ਼ੇ ਵਿੱਚ ਪੌਲੁਸ ਦੀਆਂ ਟਿੱਪਣੀਆਂ ਵਿੱਚ, ਅਸੀਂ ਪੌਲੁਸ ਦੇ ਪਰੀਖਿਆ ਦੇ ਸਮੇਂ ਦੀ ਨਕਲ ਕਰਕੇ ਮਹੱਤਵਪੂਰਣ ਸੱਚਾਈਆਂ ਦੇ ਪਹੁੰਚ ਸਕਦੇ ਹਾਂ।

*ਧਾਰਮਿਕਤਾ ਲਗਭਗ ਸਦਾ ਵਿਰੋਧਤਾ ਨੂੰ ਜਗਾਉਂਦੀ ਹੈ।* ਪੌਲੁਸ ਦੇ ਵਾਂਗ, ਥੱਸਲੁਨੀਕੇ ਦੇ ਲੋਕਾਂ ਨੇ ਵੀ ਗੰਭੀਰ ਅਤੇ ਵਹਿਸ਼ੀ ਅੱਤਿਆਚਾਰ ਦਾ ਸਾਹਮਣਾ ਕੀਤਾ। ਉਨ੍ਹਾਂ ਦੇ ਸਮਰਪਣ ਦੇ ਰਾਹੀਂ ਜਗਾਏ ਜਾਣ ਤੋਂ ਬਾਅਦ, ਸ਼ਤਾਨ ਉਨ੍ਹਾਂ ਦੇ ਪਿੱਛੇ ਪੈ ਗਿਆ। ਉਹ ਕਿਸੇ ਨੂੰ ਦੁੱਖ ਨਹੀਂ ਦੇ ਰਹੇ ਸਨ ਜਾਂ ਦੰਗੇ ਦਾ ਕਾਰਣ ਨਹੀਂ ਸਨ; ਉਹ ਉਸੇ ਤਰ੍ਹਾਂ ਦੇ ਨਾਲ ਜੀ ਰਹੇ ਸਨ ਜਿਵੇਂ ਉਨ੍ਹਾਂ ਨੂੰ ਜਿਉਣ ਦੇ ਲਈ ਕਿਹਾ ਗਿਆ ਸੀ। ਉਨ੍ਹਾਂ ਦੇ ਸਮਰਪਣ ਦੇ ਦੁਆਰਾ ਜਗਾਇਆ ਜਾ ਕੇ, ਸ਼ਤਾਨ ਉਨ੍ਹਾਂ ਦੇ ਪਿੱਛੇ ਆ ਗਿਆ ਸੀ।

*ਅੱਤਿਆਚਾਰ ਸਹਿਣ ਵਾਲੇ ਲੋਕ ਹਮੇਸ਼ਾ ਇੱਕ ਮਹਾਨ ਕੰਪਨੀ ਵਿੱਚ ਖੜੇ ਹੁੰਦੇ ਹਨ।* ਉਹ ਮੁਢਲੇ ਮਸੀਹੀਆਂ, ਨਬੀਆਂ, ਅਤੇ ਖੁਦ ਯਿਸੂ ਦੇ ਨਾਲ ਖੜ੍ਹੇ ਹੁੰਦੇ ਹਨ। ਪੌਲੁਸ ਨੇ ਕਿਹਾ ਕਿ ਜਿਸ ਤਰੀਕੇ ਦੇ ਨਾਲ ਉਹ ਅੱਤਿਆਚਾਰ ਦਾ ਪ੍ਰਤਿ ਉੱਤਰ ਦੇ ਰਹੇ ਸਨ ਉਹੀ ਤਰੀਕਾ ਹੈ ਜਿਸ ਦੇ ਨਾਲ ਯਹੂਦਿਯਾ ਦੇ ਮਸੀਹੀਆਂ ਨੇ, ਅਤੇ ਖਾਸ ਤੌਰ ਤੇ ਯਰੂਸ਼ਲਮ ਦੇ ਮਸੀਹੀਆਂ ਨੇ, ਆਪਣੇ ਵਿਰੋਧੀਆਂ ਨੂੰ ਜਵਾਬ ਦਿੱਤਾ ਸੀ। ਉਦਾਹਰਣ ਦੇ ਤੌਰ ਤੇ, ਯਰੂਸ਼ਲਮ ਦੀ ਕਲੀਸਿਆ, ਆਪਣੇ ਦੇਸ਼-ਵਾਸੀਆਂ ਦੇ ਹੱਥੋਂ ਮਹਾਨ ਦੁੱਖ ਉਠਾਇਆ। ਯਰੂਸ਼ਲਮ ਹੀ ਉਹ ਸ਼ਹਿਰ ਜਿੱਥੇ ਯਿਸੂ ਨੂੰ ਸਲੀਬ ਦਿੱਤਾ ਗਿਆ ਸੀ ਅਤੇ ਨਬੀਆਂ ਨੂੰ ਮਾਰਿਆ ਗਿਆ ਸੀ।

*ਅੱਤਿਆਚਾਰ ਦੇ ਸਮੇਂ ਪਰਮੇਸ਼ੁਰ ਸਾਨੂੰ ਸੰਭਾਲੇਗਾ।* ਉਸ ਨੇ ਥੱਸਲੁਨੀਕੇ ਦੇ ਲੋਕਾਂ ਨੂੰ ਬਚਾਇਆ, ਅਤੇ ਉਹ ਸਾਨੂੰ ਵੀ ਬਚਾਵੇਗਾ। ਉਨ੍ਹਾਂ ਦੀ ਵਫ਼ਾਦਾਰੀ ਪੌਲੁਸ ਅਤੇ ਉਨ੍ਹਾਂ ਦੇ ਆਸ-ਪਾਸ ਦੇ ਲੋਕਾਂ ਦੇ ਸਾਹਮਣੇ ਸਪਸ਼ਟ ਹੋ ਗਈ ਸੀ। *ਸਤਾਉਣ ਵਾਲਿਆਂ ਨੂੰ ਉੱਤਰ ਦੇਣਾ ਪਵੇਗਾ ਕਿ ਉਸ ਨੇ ਕੀ ਕੀਤਾ ਹੈ।* ਜੋ ਲੋਕ ਮਸੀਹੀਆਂ ਨੂੰ ਸਤਾ ਰਹੇ ਹਨ ਉਨ੍ਹਾਂ ਦੇ ਉੱਤੇ ਪਰਮੇਸ਼ੁਰ ਦਾ ਕ੍ਰੋਧ ਟੁੱਟੇਗਾ। ਇਹ ਤੱਥ ਕਿ ਉਹ ਮਸੀਹੀਆਂ ਨੂੰ ਸਤਾ ਰਿਹਾ ਹੈ ਇਸ ਗੱਲ ਨੂੰ ਸਪਸ਼ਟ ਕਰਦਾ ਹੈ ਕਿ ਉਸ ਦੇ ਅਧਰਮ ਦਾ ਕਟੋਰਾ ਭਰਿਆ ਹੋਇਆ ਹੈ।

ਅਗਲੀ ਵਾਰ ਜਦੋਂ ਤੁਹਾਨੂੰ ਆਪਣੇ ਪਿਤਾ ਦੇ ਪ੍ਰਤਿ ਵਫ਼ਾਦਾਰੀ ਦੇ ਕਾਰਣ ਪਰੇਸ਼ਾਨ ਕੀਤਾ ਜਾ ਰਿਹਾ ਹੋਵੇ ਜਾਂ ਸਤਾਇਆ ਜਾਵੇ, ਤਾਂ ਉਨ੍ਹਾਂ ਸੱਚਾਈਆਂ ਨੂੰ ਯਾਦ ਕਰੋ ਜੋ ਅਸੀਂ ਵੇਖੀਆਂ ਹਨ। ਧਾਰਮਿਕਤਾ ਦੇ ਲਈ ਸ਼ਤਾਨ ਵੱਲੋਂ ਵਿਰੋਧ ਦਾ ਉੱਠਣਾ ਇੱਕ ਸਧਾਰਣ ਗੱਲ ਹੈ। ਯਿਸੂ ਨੇ ਕਿਹਾ, "ਉਨ੍ਹਾਂ ਨੇ ਤੁਹਾਥੋਂ ਅਗਲਿਆਂ ਨਬੀਆਂ ਨੂੰ ਇਸੇ ਤਰ੍ਹਾਂ ਸਤਾਇਆ ਸੀ" (ਮੱਤੀ 5:12)। ਇਸ ਲਈ, ਧਾਰਮਿਕਤਾ ਲਗਭਗ ਅੱਤਿਆਚਾਰ ਨੂੰ ਪੈਦਾ ਕਰਨ ਦੀ ਇੱਕ ਗਰੰਟੀ ਹੈ ਪਰ ਸਾਨੂੰ ਭਰੋਸਾ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਨੂੰ ਸੰਭਾਲੇਗਾ ਅਤੇ ਜੋ ਸਾਡੇ ਤੇ ਅੱਤਿਆਚਾਰ ਕਰਦੇ ਹਨ ਉਨ੍ਹਾਂ ਦਾ ਨਿਆਂ ਕਰੇਗਾ। EC

### ਪ੍ਰਚਾਰਕਾਂ ਦਾ "ਅਨੰਦ" (2:17-20)

ਥੱਸਲੁਨੀਕੇ ਦੇ ਲੋਕ ਪੌਲੁਸ ਦਾ "ਅਨੰਦ" ਅਤੇ "ਸ਼ਲਾਘਾ ਦਾ ਮੁਕਟ" ਸਨ (ਆਇਤ 19)। ਉਸ ਨੇ ਉਨ੍ਹਾਂ ਨੂੰ "ਭਰਾ" ਕਿਹਾ ਅਤੇ ਉਹ ਉਨ੍ਹਾਂ ਦਾ "ਵੱਡੀ ਚਾਹ ਨਾਲ ਦਰਸ਼ਣ ਕਰਨਾ" ਚਾਹੁੰਦਾ ਸੀ (ਆਇਤ 17)। ਕਲੀਸਆ ਦੇ ਨਾਲ ਮਾਪਿਆਂ ਵਾਲੀਆਂ ਭਾਵਨਾਵਾਂ ਦੇ ਹੋਣ ਦੇ ਕਾਰਣ, ਪੌਲੁਸ ਦੀ ਇਹ ਇੱਛਾ ਸੀ ਕੀ ਉਹ ਵਿਅਕਤੀਗਤ ਤੌਰ ਤੇ ਉਨ੍ਹਾਂ ਦੇ ਨਾਲ ਹੋਵੇ (ਆਇਤਾਂ 7, 11, 17)।

*ਉਹ ਉਸ ਦੀ "ਆਸ" ਸਨ।* ਬੁਨਿਆਦੀ ਅਰਥ ਵਿੱਚ, ਮਸੀਹ ਪੌਲੁਸ ਦੀ ਆਸ ਸੀ (1 ਤਿਮੋਥਿਉਸ 1:1); ਪਰ ਇੱਕ ਤਰੀਕੇ ਦੇ ਨਾਲ, ਥੱਸਲੁਨੀਕੇ ਦੇ ਲੋਕਾਂ ਨੇ ਨਿਆਂ ਦੀ ਰੌਸ਼ਨੀ ਦੇ ਵਿੱਚ ਪੌਲੁਸ ਦੇ ਲਈ ਇੱਕ ਉਮੀਦ ਪ੍ਰਦਾਨ ਕੀਤੀ, "ਸਾਡੇ ਪ੍ਰਭੂ ਯਿਸੂ ਅੱਗੇ ਉਹ ਦੇ ਆਉਣ ਦੇ ਵੇਲੇ" (ਆਇਤ 19)। ਉਹ (ਬਚਾਏ ਹੋਏ ਲੋਕ) ਪੌਲੁਸ ਦੇ ਲਈ ਸਬੂਤ ਹੋਵੇਗਾ ਕਿ ਉਹ ਪ੍ਰਭੂ ਦੇ ਲਈ ਆਪਣੇ ਹੁਨਰ ਦਾ ਇਸਤੇਮਾਲ ਕਰਦਾ ਰਿਹਾ ਸੀ (ਮੱਤੀ 25:14–30)।

*ਉਹ ਉਸ ਦਾ "ਅਨੰਦ" ਸਨ।* ਪੌਲੁਸ ਨੇ ਇਹ ਜਾਨਣ ਦੇ ਵਿੱਚ ਇੱਕ ਮਹਾਨ ਇਨਾਮ ਪਾਇਆ ਕਿ ਉਨ੍ਹਾਂ ਨੂੰ ਉਸ ਚੋਖੇ ਜੀਵਨ ਦੇ ਵਿੱਚ ਲਿਆਉਣ ਦੇ ਵਿੱਚ ਉਸ ਦਾ ਹਿੱਸਾ ਹੈ ਜਿਸ ਦਾ ਵਾਇਦਾ ਮਸੀਹ ਨੇ ਕੀਤਾ ਸੀ (ਯੂਹੰਨਾ 10:10)। ਯੂਹੰਨਾ ਨੇ ਆਪਣੀ ਇਸ ਤੀਸਰੀ ਪੱਤ੍ਰੀ ਵਿੱਚ ਲਿਖਿਆ ਸੀ, "ਇਸ ਨਾਲੋਂ ਮੈਨੂੰ ਵੱਡਾ ਅਨੰਦ ਕੋਈ ਨਹੀਂ ਜੋ ਮੈਂ ਸੁਣਾਂ ਭਈ ਮੇਰੇ ਬਾਲਕ ਸਚਿਆਈ ਉੱਤੇ ਚੱਲਦੇ ਹਨ" (3 ਯੂਹੰਨਾ 4)।

*ਉਹ ਉਸ ਦੇ "ਸ਼ਲਾਘਾ ਦੇ ਮੁਕਟ" ਸਨ।* ਉਹ ਉਸ ਦੀ ਸੇਵਕਾਈ ਦੇ "ਮੁਕਟ" ਹੋ ਜਾਣਗੇ। ਜਿਸ ਰੂਪਕ ਨੂੰ ਪੌਲੁਸ ਨੇ ਇਸਤੇਮਾਲ ਕੀਤਾ ਸੀ ਉਹ ਇੱਕ ਉਲੰਪੀਅਨ ਦੇ ਵਿਸ਼ੇ ਵਿੱਚ ਸੀ ਜਿਸ ਨੇ ਆਪਣੇ ਲੋਕਾਂ ਦੇ ਲਈ ਮੁਕਾਬਲਾ ਜਿੱਤਣ ਦੇ ਸਮੇਂ ਇੱਕ ਤਾਜ ਜਿੱਤਿਆ ਸੀ। ਫਿਰ ਇਹ ਚੈਂਪਿਅਨ ਘਰ ਪਰਤ ਆਇਆ ਅਤੇ ਆਪਣੇ ਰਾਜੇ ਦੇ ਸਨਮਾਨ ਵਿੱਚ ਉਸ ਨੂੰ ਤਾਜ ਪੇਸ਼ ਕੀਤਾ ਤਾਂ ਕਿ ਆਪਣੇ ਦੇਸ਼ ਦਾ ਸਨਮਾਨ ਕਰ ਸਕੇ। ਇਹ ਉਸ ਦਾ "ਸ਼ਲਾਘਾ ਦਾ ਮੁਕਟ" ਸੀ।

ਥੱਸਲੁਨੀਕੇ ਦੇ ਲੋਕਾਂ ਨੇ ਪੌਲੁਸ ਨੂੰ ਬਹੁਤ ਹੀ ਜ਼ਿਆਦਾ ਅਨੰਦ ਪ੍ਰਦਾਨ ਕੀਤਾ, ਅਤੇ ਸਾਨੂੰ ਉਨ੍ਹਾਂ ਲੋਕਾਂ ਦੇ ਲਈ ਅਨੰਦਿਤ ਹੋਣਾ ਚਾਹੀਦਾ ਹੈ ਜੋ ਸਾਡੇ ਨਾਲ ਇੰਜੀਲ ਨੂੰ ਸਾਂਝਾ ਕਰਦੇ ਹਨ। ਜੋ ਸੰਦੇਸ਼ ਅਸੀਂ ਪ੍ਰਾਪਤ ਕੀਤਾ ਹੈ ਉਸ ਦੇ ਪ੍ਰਤਿ ਵਿਸ਼ਵਾਸਯੋਗ ਹੋਣ ਦੇ ਦੁਆਰਾ ਜੋ ਅਸੀਂ ਪ੍ਰਾਪਤ ਕੀਤਾ ਹੈ ਸਾਨੂੰ "ਚੰਗੇ ਦਿਲ," ਦੇ ਲੋਕ ਹੋਣਾ ਚਾਹੀਦਾ ਹੈ। EE

### ਮਸੀਹ ਵਿੱਚ ਸਾਡਾ ਸੰਬੰਧ (2:17-20)

ਪੌਲੁਸ ਥੱਸਲੁਨੀਕੀਆਂ ਦੇ ਆਪਣੇ ਭਾਈਆਂ ਦੇ ਨਾਲ ਪਿਆਰ ਕਰਦਾ ਸੀ। ਇਸ ਕਲੀਸਿਆ ਨੂੰ ਸਥਾਪਤ ਕਰਨ ਤੋਂ ਕੁਝ ਮਹੀਨੇ ਬਾਅਦ, ਹਰ ਇੱਕ ਮੈਂਬਰ ਉਸ ਦੇ ਮਨ ਦਾ ਇੱਕ ਕੀਮਤੀ ਵਿਅਕਤੀ ਬਣ ਗਿਆ ਸੀ। ਜਦੋਂ ਉਹ ਥੱਸਲੁਨੀਕੀਆਂ ਦੇ ਲੋਕਾਂ ਨੂੰ ਆਪਣੇ ਆਉਣ ਅਤੇ ਉਨ੍ਹਾਂ ਨਾਲ ਮੁਲਾਕਾਤ ਕਰਨ ਦੀ ਇੱਛਾ ਨੂੰ ਯਾਦ ਦਿਵਾਉਂਦਾ ਹੈ, ਉਸ ਦੇ ਸ਼ਬਦਾਂ ਵਿੱਚੋਂ ਅਸੀਂ ਉਸ ਕਮਾਲ ਦੇ ਸੰਬੰਧ ਨੂੰ ਵੇਖ ਸਕਦੇ ਹਾਂ ਜੋ ਕਿ ਕਿਸੇ ਨੂੰ ਆਪਣੇ ਸਾਥੀ ਮਸੀਹੀਆਂ ਦੇ ਨਾਲ ਮਾਣਦਾ ਹੈ।

*ਮਸੀਹੀ ਇੱਕਠੇ ਹੋਣਾ ਚਾਹੁੰਦੇ ਸਨ।* ਪੌਲੁਸ ਦੇ ਭਰਾ ਨਿਰੰਤਰ ਉਸ ਦੇ ਮਨ ਵਿੱਚ

ਰਹਿੰਦੇ ਸਨ। ਭਾਵੇਂ ਉਹ ਸਰੀਰ ਦੇ ਭਾਵ ਕਰਕੇ ਉਨ੍ਹਾਂ ਤੋਂ ਦੂਰ ਸੀ, ਪਰ ਉਹ ਸਪਸ਼ਟ ਤੌਰ ਤੇ ਉਸ ਦੇ ਮਨ ਵਿੱਚ ਵੱਸੇ ਹੋਏ ਸਨ। ਇੱਕ ਦੂਸਰੇ ਤੋਂ ਸਰੀਰਕ ਵਿਛੋੜਾ ਉਦਾਸੀ ਨੂੰ ਲਿਆਇਆ। ਜੋ ਸ਼ਬਦ ਪੌਲੁਸ ਨੇ ਇਸਤੇਮਾਲ ਕੀਤਾ, Ἀπορφανίζω (*ਅਪੋਰਫਾਨੀਜ਼ੋ*) ਹੈ, ਜਿਸ ਦਾ ਅਰਥ "ਇਸ ਤੋਂ ਅਲੱਗ" ਜਾਂ "ਅਨਾਥ।" ਜਦੋਂ ਪੌਲੁਸ ਕਿਸੇ ਨਾ ਕਿਸੇ ਕਾਰਣ ਉਨ੍ਹਾਂ ਤੋਂ ਦੂਰ ਕਰ ਦਿੱਤਾ ਗਿਆ, ਤਾਂ ਉਸ ਦੇ ਦਿਲ ਨੇ ਇਸ ਪ੍ਰਕਾਰ ਪ੍ਰਕਿਰਿਆ ਕੀਤੀ ਜਿਵੇਂ ਇੱਕ ਮਾਂ ਜਾਂ ਬਾਪ ਆਪਣੇ ਬੱਚਿਆਂ ਤੋਂ ਵੱਖਰਾ ਹੋਣ ਦੇ ਮਾਮਲੇ ਵਿੱਚ ਕਰਦਾ ਹੋਵੇ।

ਪੌਲੁਸ ਉਨ੍ਹਾਂ ਨੂੰ ਵੇਖਣ ਦੇ ਲਈ ਹੋਰ ਵੀ ਜ਼ਿਆਦਾ ਵਾਰ ਆ ਗਿਆ ਹੁੰਦਾ, ਪਰ ਸ਼ਤਾਨ ਨੇ ਉਸ ਨੂੰ ਰੋਕ ਛੱਡਿਆ ਸੀ। ਇੱਥੇ, ਪੌਲੁਸ ਸ਼ਾਇਦ ਯਹੂਦੀਆਂ ਦੇ ਉਸ ਵਿਰੋਧ ਦੇ ਬਾਰੇ ਗੱਲ ਕਰ ਰਿਹਾ ਹੈ ਜਿਸ ਨੇ ਉਸ ਨੂੰ ਆਉਣ ਤੋਂ ਰੋਕ ਛੱਡਿਆ ਸੀ, ਜਾਂ ਸ਼ਾਇਦ ਉਹ ਕਿਸੇ ਹੋਰ ਰੁਕਾਵਟ ਦੀ ਗੱਲ ਕਰ ਰਿਹਾ ਹੋਵੇ। ਇੱਕ ਗੱਲ ਪੱਕੀ ਹੈ: ਜਿਹੜੀ ਵੀ ਚੀਜ਼ ਜੋ ਪਰਮੇਸ਼ੁਰ ਦੇ ਸੰਦੇਸ਼ਵਾਹਕ ਨੂੰ ਪਰਮੇਸ਼ੁਰ ਦੇ ਰਾਜ ਦਾ ਕੰਮ ਕਰਨ ਤੋਂ ਰੋਕਦੀ ਹੈ ਉਸ ਨੂੰ ਸ਼ਤਾਨ ਦਾ ਕੰਮ ਕਿਹਾ ਜਾ ਸਕਦਾ ਹੈ (ਲੂਕਾ 22:3; ਰਸੂਲਾਂ ਦੇ ਕਰਤੱਬ 5:3)।

*ਇੱਕ ਮਸੀਹੀ ਆਪਣੀਆਂ ਸਭ ਤੋਂ ਵੱਡੀਆਂ ਖੁਸ਼ੀਆਂ ਵਿੱਚੋਂ ਇੱਕ ਖੁਸ਼ੀ ਦੂਜੇ ਮਸੀਹੀਆਂ ਦੇ ਨਾਲ ਇੱਕ ਹੋਣ ਵਿੱਚ ਪ੍ਰਾਪਤ ਕਰਦਾ ਹੈ।* ਥੱਸਲੁਨੀਕੇ ਦੇ ਲੋਕ ਪੌਲੁਸ ਦਾ ਅਨੰਦ, ਆਸ਼ਾ, ਅਤੇ ਮੁਕਟ ਸਨ। ਉਸ ਨੇ ਮਸੀਹ ਵੱਲ ਉਨ੍ਹਾਂ ਦੀ ਅਗਵਾਈ ਕੀਤੀ ਸੀ, ਅਤੇ ਉਹ ਉਨ੍ਹਾਂ ਨੂੰ ਆਪਣੇ ਆਤਮਿਕ ਬੱਚਿਆਂ ਦੇ ਰੂਪ ਵਿੱਚ ਵੇਖਦਾ ਸੀ। ਉਸ ਨੇ ਉਨ੍ਹਾਂ ਦੇ ਲਈ ਜਿਉਣ ਗੁਜ਼ਾਰਿਆ, ਅਤੇ ਉਨ੍ਹਾਂ ਵਿੱਚ ਆਪਣੀ ਸਭ ਤੋਂ ਵੱਡੀ ਖੁਸ਼ੀ ਨੂੰ ਪ੍ਰਾਪਤ ਕੀਤਾ, ਅਤੇ ਉਨ੍ਹਾਂ ਦੀ ਵਫ਼ਾਦਾਰੀ ਨੂੰ ਆਪਣੇ ਜੀਵਨ ਦਾ ਤਾਜ ਮੰਨਿਆ।

ਪੌਲੁਸ ਦੇ ਲਈ ਥੱਸਲੁਨੀਕੇ ਦੇ ਲੋਕ ਇੰਝ ਸਨ ਜਿਵੇਂ ਮਾਤਾ-ਪਿਤਾ ਦੇ ਲਈ ਉਨ੍ਹਾਂ ਦੇ ਸਭ ਤੋਂ ਪਿਆਰੇ ਬੱਚੇ ਹੁੰਦੇ ਹਨ। ਸਭ ਤੋਂ ਵੱਧ ਕੇ, ਉਹ ਉਨ੍ਹਾਂ ਨੂੰ ਛੁਟਕਾਰਾ ਪ੍ਰਾਪਤ ਕੀਤੇ ਹੋਏ ਅਤੇ ਮਹਿਮਾ ਵਿੱਚ ਪ੍ਰਵੇਸ਼ ਕੀਤੇ ਹੋਏ ਵੇਖਣਾ ਚਾਹੁੰਦਾ ਸੀ। ਸਭ ਤੋਂ ਵੱਧ ਕੇ, ਅਸੀਂ ਸਾਰੇ ਇਹ ਚਾਹੁੰਦੇ ਹਾਂ ਕਿ ਸਾਡੇ ਬੱਚੇ ਤਿਆਰ ਹੋਣ ਅਤੇ ਯਿਸੂ ਦੀ ਆਮਦ ਦੀ ਉਡੀਕ ਕਰਨ।

*ਅਸੀਂ ਪ੍ਰਭੂ ਦੀ ਆਮਦ ਦੇ ਲਈ ਇੱਕ ਦੂਜੇ ਨੂੰ ਤਿਆਰ ਕਰ ਰਹੇ ਹਾਂ।* ਪੌਲੁਸ ਦੇ ਮਨ ਵਿੱਚ ਥੱਸਲੁਨੀਕੇ ਦੇ ਲੋਕਾਂ ਦੇ ਲਈ ਇੱਕ ਮਹਾਨ ਤੜਫ ਸੀ ਕਿ ਪ੍ਰਭੂ ਦੀ ਆਮਦ ਤੇ ਉਹ ਵਫ਼ਾਦਾਰ ਲੋਕਾਂ ਦੀ ਗ੍ਰਹਿਣ ਕੀਤੇ ਜਾਣ। ਬੇਸ਼ੱਕ ਉਸ ਦੇ ਅਤੇ ਇਨ੍ਹਾਂ ਭਾਈਆਂ ਵਿਚਲਾ ਸੰਬੰਧ ਬਹੁਤ ਮਜ਼ਬੂਤ ਸੀ ਅਤੇ ਉਸ ਬੰਧਨ ਤੋਂ ਵੀ ਵੱਧ ਕੇ ਨਿਜੀ ਸੀ ਜਿੰਨਾ ਇੱਕ ਵਿਅਕਤੀ ਦਾ ਆਪਣੇ ਖੂਨ ਦੇ ਸੰਬੰਧੀ ਰਿਸ਼ਤੇਦਾਰਾਂ ਦੇ ਨਾਲ ਹੁੰਦਾ ਹੈ। ਜਦੋਂ ਅਸੀਂ ਉਸ ਦੇ ਉਨ੍ਹਾਂ ਦੇ ਨਾਲ ਸੰਬੰਧ ਦੇ ਬਾਰੇ ਸੋਚਦੇ ਹਾਂ ਤਾਂ ਸਾਡੇ ਦਿਮਾਗ ਮੱਤੀ ਦੀ ਇੰਜੀਲ ਵਿੱਚ ਲਿਖੇ ਗਏ ਯਿਸੂ ਦੇ ਸ਼ਬਦਾਂ ਵੱਲ ਜਾਂਦੇ ਹਨ: "ਅਤੇ ਆਪਣੇ ਚੇਲਿਆਂ ਵੱਲ ਆਪਣਾ ਹੱਥ ਪਸਾਰ ਕੇ ਕਿਹਾ, 'ਵੇਖੋ ਮੇਰੀ ਮਾਤਾ ਅਤੇ ਮੇਰੇ ਭਰਾ!'" (ਮੱਤੀ 12:49)। ਉਹ ਜਿਸ ਤਰ੍ਹਾਂ ਵੀ ਹੋ ਸਕੇ ਆਪਣੇ ਥੱਸਲੁਨੀਕੇ ਦੇ ਭਰਾਵਾਂ ਅਤੇ ਭੈਣਾਂ ਦੀ ਮਦਦ ਕਰੇਗਾ ਕਿ ਉਨ੍ਹਾਂ ਨੂੰ ਪ੍ਰਭੂ ਦੀ ਆਮਦ ਲਈ ਤਿਆਰ ਕਰ ਸਕੇ।

ਪੌਲੁਸ ਦੇ ਵਾਂਗ ਦੂਜਿਆਂ ਦੀ ਦੇਖਭਾਲ ਕਰਨਾ ਇੱਕ ਅਦਭੁੱਤ ਗੱਲ ਹੈ। ਇੱਕ ਮਸੀਹੀ ਹੋਣ ਦਾ ਅਰਥ ਹੈ ਕਿ ਤੁਸੀਂ ਦੂਜੇ ਮਸੀਹੀਆਂ ਦੀ ਦੇਖਭਾਲ ਕਰਦੇ ਹੋ ਅਤੇ ਦੂਜੇ ਮਸੀਹੀ ਤੁਹਾਡੀ ਦੇਖਭਾਲ ਕਰਦੇ ਹਨ। ਸਾਡੇ ਕੋਲ ਜੋ ਸਭ ਤੋਂ ਮਹਾਨ ਪਰਿਵਾਰਿਕ ਸੰਬੰਧ ਹੈ ਉਹ ਕਲੀਸੀਆ ਵਿਚਲੇ ਆਪਣੇ ਭਾਈ-ਭੈਣਾਂ ਦੇ ਨਾਲ ਹੈ। EC

## ਟਿੱਪਣੀਆਂ

[1]ਜੇ. ਈ. ਫਰੇਮ, *ਏ ਕ੍ਰਿਟੀਕਲ ਐਂਡ ਐੱਗਜ਼ੇਂਟੀਕਲ ਕਮੈਂਟਰੀ ਔੱਨ ਦ ਐਪਿਸਟਲਸ ਆਫ਼ ਸੇਂਟ ਪਾੱਲ ਟੂ ਦ ਥੱਸਲੁਨੀਅਨਸ,* ਦ ਇੰਟਰਨੈਸ਼ਨਲ ਕ੍ਰਿਟੀਕਲ ਕਮੈਂਟਰੀ (ਨਿਊਯਾਰਕ: ਚਾਰਲਸ ਸਕਰਾਈਬਨਰਸ ਸੰਨਜ਼, 1912; ਮੁੜ ਛਾਪਿਆ, ਏਡਿਨਬਰਗ: ਟੀ. ਐਂਡ ਟੀ. ਕਲਰਕ, 1988), 92. [2]ਵਾਲਟਰ ਬਾਯਰ, *ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚੀਅਨ ਲਿਟ੍ਰੇਚਰ,* ਤੀਸਰਾ ਸੰਸਕਰਣ, ਸੋਧ ਅਤੇ ਸੰਪਾ. ਫਰੈਡਰਿਕ ਡਬਲਿਯੂ. ਦਨਕਰ (ਸ਼ਿਕਾਗੋ: ਯੂਨੀਵਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 782. [3]ਡੇਵਿਡ. ਜੇ. ਵਿਲੀਅਮਜ਼, *1 ਅਤੇ 2 ਥੈਸਾਲੋਨੀਅਨਜ਼,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ: ਨਿਊ ਟੈਸਟਾਮੈਂਟ ਸੀਰੀਜ਼, ਜਿਲਦ 12 (ਪੀਬੌਡੀ, ਮਾਸਚਿਊਸੇਟਸ: ਹੈਂਡਰਿਕਸਨ ਪਬਲਿਸ਼ਰਜ਼, 1992), 37. [4]ਏ. ਟੀ. ਰੋਬਰਟਸਨ, *ਦ ਐਪਿਸਟਲਜ਼ ਆਫ਼* ਪੌਲ, ਜਿਲਦ 4, *ਵਰਡ ਪਿਕਚਰਜ਼ ਇਨ ਦ ਨਿਊ ਟੈਸਟਾਮੈਂਟ* (ਨੈਸ਼ਵਿਲ: ਬ੍ਰੋਡਮੈਨ ਪ੍ਰੈੱਸ, 1931), 16. [5]ਬਾਯਰ, 256. [6]ਰੋਬਰਟਸੰਨ, 16. [7]ਆਈ. ਹਾਵਰਡ ਮਾਰਸ਼ਲ, *1 ਅਤੇ 2 ਥੈਸਾਲੋਨੀਅਨਜ਼,* ਨਿਊ ਸੈਨਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1983), 67. [8]ਉਸੇ ਸਥਾਨ ਤੇ, 68–69. [9]ਆਇਤ 6, "ਭਾਵੇਂ ਅਸੀਂ ਮਸੀਹ ਦੇ ਰਸੂਲ ਹੋਣ ਕਰਕੇ ਭਾਰ ਪਾ ਸੱਕਦੇ ਸਾਂ," ਯੂਨਾਨੀ ਮੂਲ ਪਾਠਾਂ ਵਿੱਚ ਇਸ ਦਾ ਨੰਬਰ 7 ਹੈ। [10]ਸੀ. ਜੀ. ਵਿਲਕ ਐਂਡ ਵਿਲੀਬਾਰਡ ਗ੍ਰਿਮ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੇਸਟਾਮੈਂਟ,* ਅਨੁਵਾਦ ਅਤੇ ਸੋਧਿਆ ਸੰਸਕਰਣ ਜੋਸੇਫ ਹੈਨਰੀ ਥਾਯਰ (ਏਡਿਨਬਰ: ਟੀ. ਐਂਡ ਟੀ. ਕਲਰਕ, 1901; ਮੁੜ ਛਾਪਿਆ, ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1977), 279.

[11]ਮਾਰਸ਼ਲ, 70–71. [12]ਐੱਫ਼. ਐੱਫ਼. ਬਰੂਸ, *1 ਅਤੇ 2 ਥੈਸਾਲੋਨੀਅਨਜ਼,* ਵਰਡ ਬਾਈਬਲ ਕਮੈਂਟਰੀ, ਜਿਲਦ 45 (ਵਾਕੋ, ਟੈਕਸਾਸ: ਵਰਡ ਬੁਕਸ, 1982), 32. [13]ਰੋਬਰਟਸਨ, 19. [14]ਮਾਰਸ਼ਲ, 72. [15]ਫਰੇਮ, 103. [16]ਲੀਓਨ ਮੌਰਿਸ, *ਦ ਫੱਰਸਟ ਐਂਡ ਸੈਕਿੰਡ ਏਪਿਸਟਲਜ਼ ਟੂ ਦ ਥੈਸਾਲੋਨੀਅਨਜ਼,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਔੱਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1959), 84. [17]ਵਿਲੀਅਮਜ਼, 51. [18]ਮਾਰਸ਼ਲ, 77. [19]ਮੌਰਿਸ, 89. [20]ਵੇਖੋ ਹੈਨਰੀ ਅਲਫਰਡ, *ਦ ਗ੍ਰੀਕ ਟੈਸਟਾਮੈਂਟ,* ਸੋਧ ਇਵਰਟ ਐੱਫ਼ ਹੇਰੀਸਨ (ਸ਼ਿਕਾਗੋ: ਮੂਡੀ ਪ੍ਰੈਸ, 1958), 3:260–61.

[21]ਰੋਬਰਟਸਨ, 22. [22]ਫਰੇਮ, 114–15. [23]ਰੋਬਰਟਸਨ, 23. [24]ਉਸੇ ਸਥਾਨ ਤੇ, 24. [25] ਵਿਲੀਅਮਜ਼, 55. [26]ਬਰੂਸ, 57.